ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 250 Website : www.punjabiakhbaar.ca EmaiĺEmail: editor@punjabiakhbaar.ca Friday, 16 August 2024

## ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਖ਼ਿਲਾਫ਼ ਹੱਤਿਆ ਦਾ ਮਾਮਲਾ ਦਰਜ

ਢਾਕਾ (ਪੰਜਾਬੀ ਅਖ਼ਬਾਰ ਬਿਊਰੋ) ਬੰਗਲਾਦੇਸ਼ ਦੀ ਬਰਖ਼ਾਸਤ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਛੇ ਹੋਰਾਂ ਦੇ ਖ਼ਿਲਾਫ਼ ਪਿਛਲੇ ਮਹੀਨੇ ਹੋਈਆਂ ਹਿੰਸਕ ਝੜਪਾਂ ਮੌਕੇ ਇਕ ਕਰਿਆਨੇ ਦੀ ਦੁਕਾਨ ਦੇ ਮਾਲਕ ਦੀ ਮੌਤ ਨੂੰ ਲੈ ਕੇ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ ਹੈ।ਮੀਡੀਆ ਰਿਪੋਰਟਾਂ ਰਾਹੀਂ ਇਹ ਜਾਣਕਾਰੀ ਸਾਹਮਣੇ ਆਈ ਹੈ।ਢਾਕਾ ਟ੍ਰਿਬਿਊਨ ਅਖ਼ਬਾਰ ਦੀ ਖ਼ਬਰ ਅਨੁਸਾਰ ਇਹ ਮਾਮਲਾ ਕਰਿਆਨਾ ਦੁਕਾਨ ਮਾਲਕ ਅਬੂ ਸਈਦ ਦੇ ਨਜ਼ਦੀਕੀ ਨੇ ਦਰਜ ਕਰਵਾਇਆ ਹੈ, ਜਿਸਦੀ ਮੁਹੰਮਦਪੁਰ ਵਿਚ ਕੱਢੇ ਗਏ ਜਲੂਸ ਦੌਰਾਨ ਪੁਲੀਸ ਦੀ ਗੋਲੀਬਾਰੀ ਵਿਚ ਮੌਤ ਹੋ ਗਈ ਸੀ।




# ਐਂਡਰਿਊ ਸ਼ੀਅਰ ਨੇ ਪੁੱਛਿਆ ਕਿ ਅੱਤਵਾਦੀਆਂ ਨੂੰ ਕਨੇਡਾ ਦਾ ਵੀਜ਼ਾ ਕਿਵੇਂ ਮਿਲ ਗਿਆ




ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਮੁੱਖ ਵਿਰੋਧੀ ਧਿਰ ਕੰਜ਼ਰਵੇਟਿਵ ਪਾਰਟੀ ਨੇ ਮੰਗ ਕੀਤੀ ਹੈ ਕਿ ਪਿਛਲੇ ਦਿਨੀ ਆਰਸੀਐਮਪੀ ਵੱਲੋਂ ਟੋਰਾਂਟੋ ਚ ਅੱਤਵਾਦੀ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਪਿਓ ਪੁੱਤ ਨੂੰ ਗ੍ਰਿਫਤਾਰ ਕੀਤੇ ਜਾਣ ਦੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਇਸ ਸਬੰਧੀ ਗੱਲ ਕਰਦਿਆਂ ਕੰਜਰਵਟਿਵ ਪਾਰਟੀ ਦੇ ਹਾਊਸ ਲੀਡਰ ਐਂਡਰਿਊ ਸ਼ੀਅਰ ਨੇ ਆਖਿਆ ਕਿ ਐਨਡੀਪੀ ਤੇ ਬਲਾਕ ਕਿਊਬਕਵਾ ਨੂੰ ਉਨਾਂ ਦੀ ਇਸ ਮੰਗ ਦਾ ਸਮਰਥਨ ਕਰਨਾ ਚਾਹੀਦਾ ਹੈ ਕਿ ਪਬਲਿਕ ਸੇਫਟੀ ਕਮੇਟੀ ਨੂੰ ਗਰਮੀਆਂ ਦੀਆਂ ਛੁੱਟੀਆਂ ਤੋਂ ਵਾਪਸ ਬੁਲਾਇਆ ਜਾਵੇ ਤਾਂ ਕਿ ਉਹ ਇਸ ਮਾਮਲੇ ਦੀ ਜਾਂਚ ਕਰ ਸਕੇ। ਵਰਨਣ ਯੋਗ ਹੈ ਕਿ ਪਿਛਲੇ ਹਫਤੇ ਆਰਸੀਐਮਪੀ ਨੇ ਅਹਿਮਦ ਫਵਾਦ ਮੁਸਤਫਾ ਅਲਦੀਦੀ ਅਤੇ ਉਸਦੇ ਮੁੰਡੇ ਨੂੰ ਇੱਕ ਹੋਟਲ ਵਿੱਚੋਂ ਗ੍ਰਿਫਤਾਰ ਕੀਤਾ ਸੀ। ਐਂਡ੍ਰਿਊ ਸ਼ੀਅਰ ਨੇ ਆਖਿਆ ਕਿ ਅਹਿਮਦ ਅਲਦੀਦੀ ਨੂੰ ਜੋ ਕਿ ਅੱਤਵਾਦੀ ਜਥੇਬੰਦੀ ਆਈ ਐਸ ਆਈ ਐਸ ਦੀਆਂ ਕਾਰਵਾਈਆਂ ਚ ਸ਼ਾਮਿਲ ਸੀ, ਨੂੰ ਕੈਨੇਡਾ ਵਿੱਚ ਐਂਟਰੀ ਕਿਸ ਤਰ੍ਹਾਂ ਮਿਲ ਗਈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੇ ਹਫਤੇ ਫੈਡਰਲ ਸਰਕਾਰ ਨੇ ਇਹ ਸਪਸ਼ਟੀਕਰਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਅਲਦੀਦੀ ਕੈਨੇਡਾ ਵਿੱਚ ਦਾਖਲ ਕਿਵੇਂ ਹੋਇਆ।

## ਡੈਂਟਲ ਕੇਅਰ ਪਰੋਗਰਾਮ ਤਹਿਤ ਹੁਣ ਤੱਕ ਸਾਢੇ ਚਾਰ ਲੱਖ ਮਰੀਜਾਂ ਦਾ ਇਲਾਜ ਹੋ ਚੁੱਕਾ ਹੈ।

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਭਰ ਵਿੱਚ 70 ਫੀਸਦੀ ਡੈਂਟਿਸਟ ਕੈਨੇਡਾ ਸਰਕਾਰ ਦੇ ਕਨੇਡੀਅਨ ਡੈਂਟਲ ਕੇਅਰ ਪਲਾਨ ਦੇ ਵਿੱਚ ਜੁੜ ਚੁੱਕੇ ਹਨ ਅਸਲ ਵਿੱਚ ਕੈਨੇਡਾ ਸਰਕਾਰ ਵੱਲੋਂ ਪਿਛਲੇ ਮਹੀਨੇ 8 ਜੁਲਾਈ ਨੂੰ ਇਸ ਪ੍ਰੋਗਰਾਮ ਦੇ ਵਿੱਚ ਵੱਡੀ ਤਬਦੀਲੀ ਕੀਤੀ ਗਈ ਸੀ ਜਿਸ ਅਨੁਸਾਰ ਡੈਂਟਿਸਟ ਤੇ ਹਾਈਜੀਨਿਸਟ ਬਿਨ੍ਹਾਂ ਰਜਿਸਟ੍ਰੇਸ਼ਨ ਕੈਨੇਡੀਅਨ ਡੈਂਟਲ ਕੇਅਰ ਪਲੈਨ ਦੇ ਵਿੱਚ ਸ਼ਾਮਿਲ ਮਰੀਜ਼ਾਂ ਦੀ ਟ੍ਰੀਟਮੈਂਟ ਕਰ ਸਕਦੇ ਹਨ ਸਿਹਤ ਮੰਤਰੀ ਮਾਰਕ ਹੋਲੈਂਡ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਯਮਾਂ ਵਿੱਚ ਬਦਲਾਅ ਤੋਂ ਬਾਅਦ ਦੇਸ਼ ਭਰ ਵਿੱਚ ਸਾਢੇ 6 ਹਜ਼ਾਰ ਤੋਂ ਜਿਆਦਾ ਡੈਂਟਿਸਟ ਅਤੇ ?ਰਲ ਹੈਲਥ ਕੇਅਰ ਪ੍ਰੋਵਾਈਡਰ ਇਸ ਯੋਜਨਾ ਨਾਲ ਜੁੜ ਚੁੱਕੇ ਹਨ ਉਹਨਾਂ ਦੱਸਿਆ ਕਿ ਪਹਿਲੀ ਮਈ ਨੂੰ ਸ਼ੁਰੂ ਹੋਏ ਕੈਨੇਡੀਅਨ ਡੈਂਟਲ ਕੇਅਰ ਪ੍ਰੋਗਰਾਮ ਤਹਿਤ ਪਹਿਲੇ ਤਿੰਨ ਮਹੀਨਿਆਂ ਦੌਰਾਨ ਸਾਢੇ ਚਾਰ ਲੱਖ ਮਰੀਜ਼ਾਂ ਦਾ ਇਲਾਜ ਕੀਤਾ ਜਾ ਚੁੱਕਾ ਹੈ।

## ਮੁਹੰਮਦ ਯੂਨਸ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖੀ ਬਣੇ,ਮੋਦੀ ਨੇ ਵਧਾਈ ਦਿੱਤੀ



ਨਵੀਂ ਦਿੱਲੀ(ਪੰਜਾਬੀ ਅਖ਼ਬਾਰ ਬਿਊਰੋ) ਨੋਬੇਲ ਪੁਰਸਕਾਰ ਨਾਲ ਸਨਮਾਨਿਤ ਅਰਥਸ਼ਾਸਤਰੀ ਮੁਹੰਮਦ ਯੂਨਸ ਨੇ ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖੀ ਵੱਜੋਂ ਹਲਫ਼ ਲੈ ਲਿਆ ਹੈ। ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਰਾਸ਼ਟਰਪਤੀ ਭਵਨ 'ਬੰਗਭਵਨ' ਵਿੱਚ ਹਲਫ਼ਦਾਰੀ ਸਮਾਗਮ ਦੌਰਾਨ ਯੂਨਸ (84) ਨੂੰ ਅਹੁਦੇ ਦੀ ਸਹੁੰ ਚੁੱਕਾਈ ਗਈ। ਯੂਨਸ ਨੂੰ ਰਾਸ਼ਟਰਪਤੀ ਸ਼ਹਾਬੂਦਨ ਵੱਲੋਂ ਸੰਸਦ ਭੰਗ ਕਰਨ ਮਗਰੋਂ ਅੰਤਰਿਮ ਸਰਕਾਰ ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਰਾਖਵੇਂਕਰਨ ਖ਼ਿਲਾਫ਼ ਦੇਸ਼ ਪੱਧਰੀ ਅੰਦੋਲਨਾਂ ਦੌਰਾਨ ਸ਼ੇਖ ਹਸੀਨਾ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਦੇਸ਼ ਛੱਡ ਕੇ ਚਲੀ ਗਈ ਸੀ। ਇਸੇ ਦੌਰਾਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੰਤਰਿਮ ਸਰਕਾਰ ਦੇ ਮੁਖੀ ਵੱਜੋਂ ਹਲਫ਼ ਲੈਣ 'ਤੇ ਮੁਹੰਮਦ ਯੂਨਸ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਦੇਸ਼ ਵਿਚ ਛੇਤੀ ਹੀ ਸਥਿਤੀ ਆਮ ਹੋਣ ਅਤੇ ਘੱਟ ਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਯਕੀਨੀ ਬਣਾਏ ਜਾਣ ਦੀ ਉਮੀਦ ਜਤਾਈ। ਉਧਰ, ਸ਼ੇਖ ਹਸੀਨਾ ਦੇ ਪੁੱਤਰ ਸਜੀਵ ਵਾਜੇਦ ਜੌਏ ਨੇ ਕਿਹਾ ਕਿ ਬੰਗਲਾਦੇਸ਼ ਵਿਚ ਲੋਕਤੰਤਰ ਬਹਾਲ ਹੁੰਦੇ ਹੀ ਉਨ੍ਹਾਂ ਦੀ ਮਾਤਾ ਦੇਸ਼ ਪਰਤੇਗੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦੇਸ਼ ਵਿੱਚ ਗੜਬੜ ਫੈਲਾਉਣ ਵਿੱਚ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਦਾ ਹੱਥ ਹੈ।


































# ਮੈਕਸ ਪਰੋ ਅਕਾਲ ਵਾਰੀਅਰਜ਼ ਫੀਲਡ ਹਾਕੀ ਟੂਰਨਾਮੈਂਟ- ਨਾਮਧਾਰੀ ਕਲੱਬ ਨੇ ਪ੍ਰੀਮੀਅਰ ਦਾ ਖਿਤਾਬ ਜਿੱਤਿਆ

## ਸੋਸ਼ਲ ਵਰਗ ਵਿੱਚ ਐਡਮਿੰਡਨ ਕਲੱਬ ਨੇ ਬਾਜ਼ੀ ਮਾਰੀ




ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਕੈਲਗਰੀ ਵੱਲੋਂ ਜੈਨਸਿਸ ਸੈਂਟਰ ਵਿੱਚ ਕਰਵਾਏ ਗਏ ਮੈਕਸ ਪਰੋ ਅਕਾਲ ਵਾਰੀਅਰਜ਼ ਫੀਲਡ ਹਾਕੀ ਟੂਰਨਾਮੈਂਟ ਵਿੱਚ ਨਾਮਧਾਰੀ ਫੀਲਡ ਹਾਕੀ ਕਲੱਬ ਕੈਲਗਰੀ ਨੇ ਪ੍ਰੀਮੀਅਰ ਵਰਗ ਦਾ ਖਿਤਾਬ ਜਿੱਤਿਆ ਅਤੇ ਮੇਜ਼ਵਾਨ ਟੀਮ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਦੀ ਟੀਮ ਦੂਜੇ ਸਥਾਨ ਤੇ ਰਹੀ।ਸੋਸ਼ਲ ਵਰਗ ਵਿੱਚੋਂ ਐਡਮਿੰਟਨ ਫੀਲਡ ਹਾਕੀ ਕਲੱਬ ਦੀ ਟੀਮ ਨੇ ਪਹਿਲਾ ਅਤੇ ਅਕਾਲ ਵਾਰੀਅਰਜ਼ ਕਲੱਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

ਪ੍ਰੀਮੀਅਰ ਵਰਗ ਦਾ ਫਾਈਨਲ ਬਹੁਤ ਹੀ ਰੌਚਿਕ ਰਿਹਾ।ਨਾਮਧਾਰੀ ਕਲੱਬ ਨੇ ਅਕਾਲ ਵਾਰੀਅਰਜ਼ ਨੂੰ ਟਾਈਬ੍ਰੇਕਰ ਦੇ ਜ਼ਰੀਏ ਹਰਾ ਕੇ ਟਰਾਫੀ ਤੇ ਕਬਜ਼ਾ ਕਰ ਲਿਆ।ਇਸ ਵਰਗ ਵਿੱਚ ਨਾਮਧਾਰੀ ਕਲੱਬ ਦੇ ਜਸਕਰਨ ਸਿੰਘ ਨੂੰ ਬਿਹਤਰੀਨ ਖਿਡਾਰੀ,ਅਕਾਲ ਵਾਰੀਅਰਜ਼ ਦੇ ਗੁਰਕੀਰਤ ਸਿੰਘ ਨੂੰ ਟੌਪ ਸਕੋਰਰ ਅਤੇ ਨਾਮਧਾਰੀ ਕਲੱਬ ਦੇ ਨਾਨਕ ਸਿੰਘ ਨੂੰ ਬਿਹਤਰੀਨ ਗੋਲਕੀਪਰ ਐਲਾਨਿਆ ਗਿਆ।ਇਹਨਾਂ ਖਿਡਾਰੀਆਂ ਨੂੰ ਟ੍ਰਿਪਲ ਏ ਪੁਆਇੰਟ ਡਰਾਈਵਿੰਗ ਸਕੂਲ ਅਤੇ ਪ੍ਰੀਮੀਅਰ ਗਰੇਨਾਈਟ ਐਂਡ ਮਾਰਬਲ ਵੱਲੋਂ ਨਕਦ ਇਨਾਮ ਦਿੱਤੇ ਗਏ।

ਸੋਸ਼ਲ ਵਰਗ ਦੇ ਮੁਕਾਬਲੇ ਵੀ ਕਾਫੀ ਰੌਚਿਕ ਰਹੇ ਤੇ ਅਕਾਲ ਵਾਰੀਅਰਜ਼ ਕਲੱਬ ਦੇ ਸੁਖਜਿੰਦਰ ਸਿੰਘ ਮੋਰ ਨੂੰ ਬਿਹਤਰੀਨ ਖਿਡਾਰੀ ਅਤੇ ਐਡਮਿੰਟਨ ਕਲੱਬ ਦੇ ਸਿਮਰਨ ਮੋਮੀ ਨੂੰ ਬਿਹਤਰੀਨ ਗੋਲਕੀਪਰ ਐਲਾਨਿਆ ਗਿਆ।ਹਾਕੀ ਮੁਕਾਬਲਿਆਂ ਤੋਂ ਇਲਾਵਾ ਕਰਵਾਏ ਗਏ। ਰੱਸਾ ਕਸੀ ਮੁਕਾਬਲਿਆਂ ਵਿੱਚ ਅਜ਼ਾਦ ਸਪੋਰਟਸ ਕਲੱਬ ਕਲੱਬ ਦੀ ਟੀਮ ਨੇ ਪਹਿਲਾ ਅਤੇ ਬਲਵਿੰਦਰ ਸਿੰਘ ਮੁੱਲਾਂਪੁਰ/ਮਨਜਿੰਦਰ ਸਿੰਘ ਰੋਡੇ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਤਾਂਸ਼ ਸੀਪ ਮੁਕਾਬਲੇ ਵਿੱਚੋਂ ਹਰਬੰਸ ਧਾਲੀਵਾਲ/ਡਾ ਬਲਜਿੰਦਰ ਦੀ ਟੀਮ ਨੇ ਪਹਿਲਾ,ਪਰਮਿੰਦਰ ਗਰੇਵਾਲ/ਸੁਰਿੰਦਰ ਸਿੰਘ ਦੀ ਟੀਮ ਨੇ ਦੂਜਾ, ਨਰਿੰਦਰ ਸਿੰਘ/ਬਰਨਾਲਾ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਮੈਕਸ ਪਰੋ/ਪ੍ਰੋ ਟੈਕਸ ਬਲਾਕ ਵੱਲੋਂ ਮਨਦੀਪ ਦੁੱਗਲ ਅਤੇ ਕੁਆਲਟੀ ਟਰਾਂਸਮਿਸ਼ਨ ਵੱਲੋਂ ਪਾਲੀ ਵਿਰਕ ਨੇ ਇਨਾਮਾਂ ਦੀ ਵੰਡ ਕੀਤੀ।ਅਕਾਲ ਵਾਰੀਅਰਜ਼ ਨੇ ਸਾਰੀਆਂ ਟੀਮਾਂ,ਸਪਾਂਸਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸਮੱਸਿਆਵਾਂ ਦੇ ਬਾਵਜੂਦ ਭਾਰਤ ਦਾ ਜਮਹੂਰੀ ਢਾਂਚਾ ਮਜ਼ਬੂਤ ਹੈ- ਪ੍ਰੋ: ਸੇਖੋਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ 10 ਅਗਸਤ ਨੂੰ ਖਚਾ-ਖਚ ਭਰੇ ਕੋਸੋ ਹਾਲ ਵਿੱਚ ਹੋਈ। ਇਸ ਦੀ ਪ੍ਰਧਾਨਗੀ ਡਾ: ਜੋਗਾ ਸਿੰਘ ਸਹੋਤਾ, ਪ੍ਰੋ: ਜਗਰੂਪ ਸਿੰਘ ਸੇਖੋਂ, ਗੀਤਕਾਰ ਅਲਬੇਲ ਸਿੰਘ ਬਰਾੜ ਅਤੇ ਸਰੂਪ ਸਿੰਘ ਮੰਡੇਰ ਨੇ ਕੀਤੀ। ਸ਼ੁਰੂ ਵਿਚ ਕਵੀਸ਼ਰ ਸਰੂਪ ਸਿੰਘ ਮੰਡੇਰ ਦੀ ਦਸਵੀਂ ਕਿਤਾਬ 'ਮੰਡੇਰ ਬਗੀਚਾ' ਨੂੰ ਲੋਕ-ਅਰਪਣ ਕਰਨ ਦੀ ਰਸਮ ਹੋਈ। ਇਸ ਕਿਤਾਬ ਬਾਰੇ ਸਮੀਖਿਆ ਕਰਦਿਆਂ ਜਗਦੇਵ ਸਿੱਧੂ ਨੇ ਕਿਹਾ ਕਿ ਅੱਜ ਪੰਜਾਬ ਦੇ ਸਿਰਮੌਰ ਕਵੀਸ਼ਰ ਬਾਬੂ ਰਜਬ ਅਲੀ ਖ਼ਾਨ ਦੇ ਜਨਮ ਦੀ 130ਵੀਂ ਵਰ੍ਹੇਗੰਢ ਮੌਕੇ ਕਵੀਸ਼ਰੀ ਦਾ ਮਾਹੌਲ ਸਿਰਜਣਾ ਉਸ ਨੂੰ ਸ਼ਰਧਾਂਜਲੀ ਦੇਣ ਵਾਂਗ ਲੱਗਦਾ ਹੈ। ਇਹ ਕਿਤਾਬ ਉਸੇ ਪ੍ਰੰਪਰਾ ਨੂੰ ਸਫ਼ਲਤਾ ਨਾਲ਼ ਅੱਗੇ ਤੋਰਦੀ ਹੈ। ਮੰਡੇਰ ਨੇ ਸਮਾਜ, ਇਤਿਹਾਸ, ਰਾਜਨੀਤੀ, ਅਰਥਚਾਰੇ, ਵਾਤਾਵਰਣ, ਲੋਕ-ਲਹਿਰਾਂ, ਮਹਾਂਮਾਰੀ ਆਦਿ ਸਾਰੇ ਵਿਸ਼ਿਆਂ ਸਮੇਤ ਉਪਦੇਸ਼ਾਤਮਿਕ ਰਵਾਇਤ ਵਾਲ਼ੇ ਵੰਨ-ਸੁਵੰਨੇ 70 ਛੰਦ ਇਸ ਸੰਗ੍ਰਹਿ ਵਿੱਚ ਸ਼ਾਮਲ ਕੀਤੇ ਹਨ। ਸਾਰਿਆਂ ਵੱਲੋਂ ਇਸ ਪੁਸਤਕ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਮੌਕੇ ਰਾਜਨੀਤੀ ਅਤੇ ਸਮਾਜਿਕ ਵਿਸ਼ਿਆਂ ਦੇ ਮਾਹਿਰ ਪ੍ਰੋ: ਜਗਰੂਪ ਸਿੰਘ ਸੇਖੋਂ ਨੂੰ ਸਨਮਾਨ ਚਿੰਨ੍ਹ ਅਤੇ ਸ਼ਾਲ ਦੇ ਕੇ ਨਿਵਾਜਿਆ ਗਿਆ। ਪ੍ਰੋ: ਸੇਖੋਂ ਨੇ ਕੁੰਜੀਵਤ ਭਾਸ਼ਣ ਦੌਰਾਨ ਭਾਰਤ ਅਤੇ ਖਾਸ ਕਰ ਕੇ ਪੰਜਾਬ ਦੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਦ੍ਰਿਸ਼ ਨੂੰ ਵਿਸਥਾਰ ਸਹਿਤ ਵਿਦਵਤਾ ਪੂਰਨ ਸਾਕਾਰ ਕੀਤਾ। ਉਨ੍ਹਾਂ ਨੇ ਇਤਿਹਾਸਕ ਹਵਾਲਿਆਂ ਰਾਹੀਂ ਸਮਝਾਇਆ ਕਿ ਭਾਰਤ ਅੰਦਰ ਜਮਹੂਰੀਅਤ ਦੀਆਂ ਜੜ੍ਹਾਂ ਮਜ਼ਬੂਤ ਹੋਈਆਂ ਹਨ। ਮੰਡੇਰ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਪੁਸਤਕ ਵਿੱਚੋਂ ਪੰਜਾਬ ਦੀ ਆਤਮਾ ਵਿਖਾਈ ਦਿੰਦੀ ਹੈ। ਇਸ ਮਗਰੋਂ 3000 ਤੋਂ ਵੱਧ ਸੱਚੇ-ਸੁੱਚੇ ਗੀਤਾਂ ਦੇ ਰਚੇਤਾ ਅਲਬੇਲ ਸਿੰਘ ਬਰਾੜ ( ਦਿ?ਣ ਵਾਲ਼ਾ, ਬਠਿੰਡਾ ) ਨੂੰ ਸਭਾ ਵੱਲੋਂ ਸਨਮਾਨ ਚਿੰਨ੍ਹ ਸਮੇਤ ਸ਼ਾਲ ਪ੍ਰਦਾਨ ਕੀਤਾ ਗਿਆ। ਉਸ ਦੇ ਇਸ ਗੀਤ ਨੇ ਪੰਜਾਬ ਅੰਦਰ ਹੋ ਰਹੀਆਂ ਭਰੂਣ-ਹੱਤਿਆਵਾਂ ਨੂੰ ਠੱਲ੍ਹ ਪਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ - ਹੋਇਆ ਕੀ ਜੇ ਧੀ ਜੰਮ ਪਈ, ਕੁੱਖ ਤਾਂ ਸੁਲੱਖਣੀ ਹੋਈ। ਉਸ ਦੇ ਗੀਤਾਂ ਨੇ ਸਮਾਜ ਨੂੰ ਉਸਾਰੂ ਸੇਧ ਦਿੱਤੀ ਹੈ। ਸਨਮਾਨ ਨੂੰ ਯਾਦਗਾਰੀ ਕਹਿ ਕੇ ਸਵੀਕਾਰ ਕਰਦਿਆਂ ਉਸ ਨੇ ਕਿਹਾ ਕਿ ਪ੍ਰਮਾਤਮਾ ਨੇ ਉਸ ਨੂੰ ਕਲਮ ਫੜਾ ਕੇ ਉਸਾਰੂ ਗੀਤ ਲਿਖਣ ਦੀ ਜ਼ਿੰਮੇਵਾਰੀ ਸੌਂਪੀ ਹੈ। ਉਸ ਨੇ ਆਪਣਾ ਇਹ ਗੀਤ ਸੁਣਾ ਕੇ ਲੇਖਕਾਂ ਤੇ ਗੀਤਕਾਰਾਂ ਨੂੰ ਸੁਚੇਤ ਕੀਤਾ - ਫ਼ੁਕਰੀ ਨਾ ਮਾਰਿਆ ਕਰੋ, ਲਿਖਣ ਤੇ ਗਾਉਣ ਵਾਲ਼ਿ? ਗੱਲ ਅੰਬਰੀਂ ਨਾ ਚਾੜ੍ਹਿਆ ਕਰੋ।



ਡਾ: ਮਨਮੋਹਨ ਬਾਠ, ਜਸਵੰਤ ਸੇਖੋਂ ਅਤੇ ਸਰੂਪ ਮੰਡੇਰ ਜੋੜੀ ਦੀ ਕਵੀਸ਼ਰੀ ਜੋੜੀ, ਜੋਗਾ ਸਿੰਘ ਸਹੋਤਾ, ਸਾਬਕਾ ਪੀ ਸੀ ਐਸ ਅਫ਼ਸਰ ਹਰਜੀਤ ਸਿੰਘ ਸਿੱਧੂ, ਜੈਤੋ ਵਾਲ਼ੇ ਦਰਸ਼ਨ ਸਿੰਘ, ਕੇਸਰ ਸਿੰਘ ਨੀਰ,ਸੁਰਿੰਦਰ ਕੌਰ ਕੈਂਥ,ਪਰਮਜੀਤ ਸਿੰਘ ਭੰਗੂ,ਜਰਨੈਲ ਤੱਗੜ,ਜਤਿੰਦਰ ਉਰਫ਼ ਸੰਨੀ ਸਵੈਚ, ਖ਼ਜ਼ਾਨ ਸਿੰਘ ਮੰਡੇਰ ਹਾਸਿਆਂ ਦੇ ਬਾਦਸ਼ਾਹ ਤਰਲੋਕ ਚੁੱਘ ਅਤੇ ਜਸਵੀਰ ਸਿਹੋਤਾ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਮੰਚ ਉਪਰੋਂ ਹਾਜਿਰੀ ਲਗਵਾਈ। ਸਭਾ ਦੀ ਰੂਹੇ-ਰਵਾਂ ਸਤਨਾਮ ਢਾਅ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਕਿਹਾ ਕਿ ਇਸ ਮੀਟਿੰਗ ਦੀ ਲਾ-ਮਿਸਾਲ ਕਾਮਯਾਬੀ ਹਮੇਸ਼ਾ ਯਾਦ ਰਹੇਗੀ। ਪ੍ਰਧਾਨ ਡਾ: ਜੋਗਾ ਸਿੰਘ ਸਿਹੋਤਾ ਨੇ ਮਹਿਮਾਨਾਂ ਪ੍ਰਤੀ ਆਭਾਰ ਪ੍ਰਗਟ ਕੀਤਾ ਅਤੇ ਹਾਜ਼ਰੀਨ ਦਾ ਦਿਲੋਂ ਧੰਨਵਾਦ ਕੀਤਾ।

# 32ਵੇਂ ਕੈਨੇਡਾ ਕਬੱਡੀ ਕੱਪ ਦੀਆਂ ਤਾਰੀਕਾਂ ਦਾ ਐਲਾਨ

## ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ ਮਿਲੀ ਮੇਜ਼ਬਾਨੀ




32ਵੇਂ ਕੈਨੇਡਾ ਕੱਪ ਦੇ ਮੇਜ਼ਬਾਨ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਸਮੂਹ ਅਹੁਦੇਦਾਰ।

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਕਬੱਡੀ ਜਗਤ ਦੇ ਸਭ ਤੋਂ ਮਹਿੰਗੀ ਸੀਜ਼ਨ ਦੀ ਸੰਚਾਲਕ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ ਵੱਲੋਂ 32ਵੇਂ ਕੈਨੇਡਾ ਕਬੱਡੀ ਕੱਪ ਦੀ ਮੇਜ਼ਬਾਨੀ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ ਸੌਂਪ ਦਿੱਤੀ ਗਈ ਹੈ। ਇੱਥੇ ਮਿਲੇਨੀਅਮ ਗਾਰਡਨ 'ਚ ਹੋਏ ਸ਼ਾਨਦਾਰ ਸਮਾਗਮ ਦੌਰਾਨ ਦੁਨੀਆ ਦੀਆਂ ਵੱਖ-ਵੱਖ ਕਬੱਡੀ ਸੰਸਥਾਵਾਂ ਦੇ ਆਗੂਆਂ ਨੇ ਸ਼ਿਰਕਤ ਕੀਤੀ। ਓਂਟਾਰੀਓ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਜਸਵਿੰਦਰ ਸਿੰਘ ਸ਼ੋਕਰ ਨੇ ਹਾਲ ਵਿੱਚ ਯੰਗ ਕਬੱਡੀ ਕਲੱਬ ਵੱਲੋਂ ਕਰਵਾਏ ਗਏ 31ਵੇਂ ਕੈਨੇਡਾ ਕੱਪ ਦੀ ਸਫਲਤਾ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਅਗਲੇ ਵਰੇ ? 16 ਅਗਸਤ 2025 ਨੂੰ ਹੋਣ ਵਾਲੇ ਕੱਪ ਦੇ ਮੇਜ਼ਬਾਨ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਦੁਨੀਆ ਦੇ ਵੱਖ-ਵੱਖ ਕੋਨਿਆਂ ਤੋਂ ਆਏ ਕਬੱਡੀ ਸੰਸਥਵਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ ਕਬੱਡੀ ਦੀ ਬਿਹਤਰੀ ਲਈ ਇੱਕ ਮੰਚ 'ਤੇ ਇਕੱਠੇ ਹੋਣ। ਇਸ ਮੌਕੇ ਮੇਜ਼ਬਾਨ ਕਲੱਬ ਵੱਲੋਂ ਸੀਨੀਅਰ ਆਗੂ ਮਨਜੀਤ ਸਿੰਘ ਘੋਤਰਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਅਗਲੇ ਵਰੇ ਹੋਣ ਵਾਲੇ ਕੱਪ ਦੀ ਸਫਲਤਾ ਲਈ ਸਾਰੀਆਂ ਹੀ ਸੰਸਥਾਵਾਂ ਤੋਂ ਸਹਿਯੋਗ ਮੰਗਿਆ। ਸਮਾਗਮ ਦੇ ਮੇਜ਼ਬਾਨ ਕਲੱਬ ਦੇ ਪ੍ਰਧਾਨ ਮਿੱਠੂ ਜੱਟ ਨੇ ਸਭ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਕੱਪ ਨੂੰ ਸ਼ਾਨਦਾਰ ਤਰੀਕੇ ਨਾਲ ਕਰਵਾਉਣ ਲਈ ਕੋਈ ਕਸਰ ਨਹੀਂ ਛੱਡਣਗੇ। ਪਿਛਲੇ ਕੱਪ ਦੇ ਮੇਜ਼ਬਾਨ ਕਲੱਬ ਵੱਲੋਂ ਰਾਣਾ ਸਿੱਧੂ ਤੇ ਜੱਸੀ ਸਰਾਏ ਨੇ ਕੱਪ ਦੀ ਸਫਲਤਾ ਲਈ ਯੋਗਦਾਨ ਪਾਉਣ ਵਾਲੇ ਪ੍ਰਮੋਟਰਾਂ, ਖਿਡਾਰੀਆਂ, ਸੰਚਾਲਕਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਅਖੀਰ 'ਚ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਸੀਨੀਅਰ ਆਗੂ ਜਸ ਸੋਹਲ ਨੇ ਦੱਸਿਆ ਉਨ੍ਹਾਂ ਦੇ ਕਲੱਬ ਨੂੰ ਦੂਸਰੀ ਵਾਰ ਇਹ ਵੱਡੀ ਜਿੰਮੇਵਾਰੀ ਮਿਲੀ ਹੈ ਜਿਸ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ। ਸਮਾਗਮ ਦੌਰਾਨ ਗੋਗਾ ਗਹੂਣੀਆ ਨੇ ਮੰਚ ਸੰਚਾਲਕ ਦੀ ਜਿੰਮੇਵਾਰੀ ਬਾਖੂਬੀ ਨਿਭਾਈ। ਇਸ ਮੌਕੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਆਗੂ ਰਸ਼ਪਾਲ ਸਿੰਘ ਸ਼ੀਰਾ ਸ਼ੰਮੀਪੁਰੀਆ ਤੇ ਸ਼ੀਰਾ ਔਲਖ, ਅਮਰੀਕਾ ਤੋਂ ਬਲਜੀਤ ਸੰਧੂ ਤੇ ਸੰਦੀਪ ਜੈਂਟੀ, ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਤੋਂ ਤੀਰਥ ਸਿੰਘ ਅਟਵਾਲ, ਪਿੰਕੀ ਢਿੱਲੋਂ, ਦਰਸ਼ਨ ਗਿੱਲ, ਬਲਰਾਜ ਸੰਘਾ, ਲਾਲੀ ਢੇਸੀ, ਮਨਜੀਤ ਬਾਸੀ, ਮੇਜਰ ਬਰਾੜ, ਮੇਜਰ ਸਿੰਘ ਨੱਤ, ਓਂਕਾਰ ਸਿੰਘ ਗਰੇਵਾਲ, ਪ੍ਰੋ. ਮੱਖਣ ਸਿੰਘ ਹਕੀਮਪੁਰ, ਬੌਬ ਦੁਸਾਂਝ, ਨਿੰਦਰ ਚਾਹਲ, ਹਰਪ੍ਰੀਤ ਹੰਜਰਾ ਆਦਿ ਨੇ ਕਬੱਡੀ ਦੀ ਬਿਹਤਰੀ ਲਈ ਉਪਰਾਲੇ ਕਰਨ ਸਬੰਧੀ ਵਿਚਾਰ ਰੱਖੇ। ਇਸ ਮੌਕੇ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਦੇ ਸੰਚਾਲਕ ਇੰਦਰਜੀਤ ਧੁੱਗਾ, ਹਰਵਿੰਦਰ ਬਾਸੀ, ਰਣਧੀਰ ਸੰਧੂ ਮਾਣੂਕੇ, ਮਨਜੀਤ ਘੋਤੜਾ, ਸੁੱਖਾ ਬਾਸੀ, ਜਸ ਸੋਹਲ, ਕੁਲਵਰਨ ਧੁੱਗਾ, ਵੀਰਪਾਲ ਧੁੱਗਾ, ਮਹਾਂਵੀਰ ਗਰੇਵਾਲ, ਮਿੱਠੂ ਪ੍ਰਧਾਨ, ਸੁੱਖਾ ਢੇਸੀ, ਬਲਵਿੰਦਰ ਧਾਲੀਵਾਲ, ਪ੍ਰਸ਼ਵਿੰਦਰ ਘੋਤੜਾ, ਚਮਕੌਰ ਬਰਾੜ, ਉਸਾਮਾ, ਰੂਬਨ ਚਾਹਲ, ਸ਼ਿੰਦਰ ਧਾਲੀਵਾਲ, ਜੋਗਿੰਦਰ ਬਾਜਵਾ, ਗੁਰਿੰਦਰ ਭੁੱਲਰ, ਅਮਰਜੀਤ ਗੋਰਾਇਆ, ਰੇਸ਼ਮ ਰਾਜਸਥਾਨੀ, ਰਾਜਵਿੰਦਰ ਗਿੱਲ, ਹਰਦਿਆਲ ਭੁੱਲਰ, ਪਰਮਿੰਦਰ ਜੌਹਲ, ਅਵਤਾਰ ਸਮਰਾ, ਬਲਜੀਤ ਚੌਹਾਨ, ਸੁਖਵਿੰਦਰਪਾਲ ਰਾਏ, ਕਰਨ ਘੁਮਾਣ, ਜਗਦੀਪ ਰਿਆੜ, ਸੁੱਖ ਤਾਤਲਾ, ਹਰਭਜਨ ਘੋਤਰਾ, ਹਰਨੇਕ ਚਾਹਲ, ਐਂਡੀ ਗਰੇਵਾਲ, ਜਰਨੈਲ ਤੂਰ, ਲਖਵੀਰ ਢੇਸੀ, ਮਨਜੀਤ ਪੰਡੋਰੀ, ਜੋਰਾ ਸਿੰਘ ਪੁੱਤਰ ਗੰਗਾ ਸਿੰਘ, ਲੱਖਾ ਢੀਂਡਸਾ, ਗੁਰਮੇਲ ਕੂਨਰ, ਤੇਜੀ ਦਿਉਲ, ਤੀਰਥ ਸਿੰਘ ਤੇ ਰਾਣਾ ਗਿੱਲ ਹਾਜ਼ਰ ਸਨ।

# ਘਰ ਨੂੰ ਅੱਗ ਲਾਕੇ ਭੱਜਣ ਵਾਲਿਆਂ ਦੀ ਵੀਡੀਓ ਜ਼ਰੀਏ ਪੁਲਿਸ ਦੋਸ਼ੀਆਂ ਨੂੰ ਲੱਭ ਰਹੀ ਹੈ।

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਂਟਾਰੀਓ ਦੇ ਵੌਨ ਵਿੱਚ ਪਿਛਲੇ ਮਹੀਨੇ ਇੱਕ ਘਰ ਨੂੰ ਅੱਗ ਲੱਗਣ ਦੇ ਮਾਮਲੇ ਵਿੱਚ ਹੁਣ ਪੁਲਿਸ ਨੇ ਇੱਕ ਵੀਡੀਓ ਜਾਰੀ ਕੀਤੀ ਹੈ ਅਤੇ ਦੋ ਜਣਿਆਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਜਾਰੀ ਕੀਤੀ ਗਈ ਵੀਡੀ? ਅਨੁਸਾਰ ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਰਿਵਰ ਸਾਈਡ ਡਰਾਈਵ ਅਤੇ ਬਰਚ ਹਿਲ ਰੋਡ ਉੱਪਰ ਪੈਂਦੇ ਇੱਕ ਘਰ ਵਿੱਚ 20 ਜੁਲਾਈ ਨੂੰ ਰਾਤ ਸਾਢੇ 12 ਵਜੇ ਦੇ ਕਰੀਬ ਅੱਗ ਲੱਗੀ ਸੀ ਮੌਕੇ ਤੇ ਪਹੁੰਚੇ ਫਾਇਰ ਫਾਈਟਰਜ ਨੇ ਅੱਗ ਉੱਪਰ ਕਾਬੂ ਪਾਉਣ ਤੋਂ ਬਾਅਦ ਘਰ ਦੇ ਅੰਦਰ ਦੇਖਿਆ ਤਾਂ ਘਰ ਵਿੱਚ ਕੋਈ ਵੀ ਵਿਅਕਤੀ ਮੌਜੂਦ ਨਹੀਂ ਸੀ ਇਸ ਕਾਰਨ ਕਿਸੇ ਦੇ ਜਖਮੀ ਹੋਣ ਦੀ ਸੂਚਨਾ ਵੀ ਨਹੀਂ ਹੈ ਜਦੋਂ ਅੱਗ ਲੱਗਣ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਸੀ ਤਾਂ ਪੁਲਿਸ ਦੇ ਹੱਥ ਇਹ ਵੀਡੀਓ ਲੱਗੀ ਜਿਸ ਨੂੰ ਹੁਣ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਨਜ਼ਰ ਆ ਰਿਹਾ ਹੈ ਕਿ ਮਾਸਕ ਪਹਿਨੀ ਦੋ ਵਿਅਕਤੀ ਘਰ ਦੇ ਬੈਕਯਾਰਡ ਵਾਲੇ ਪਾਸੇ ਦਾਖਲ ਹੁੰਦੇ ਹਨ ਅਤੇ ਇਹਨਾਂ ਦੋਹਾਂ ਵਿੱਚੋਂ ਇੱਕ ਜਣੇ ਨੇ ਦੋ ਕੈਨ ਫੜੇ ਹੋਏ ਹਨ। ਫਿਰ ਇੱਕ ਵਿਅਕਤੀ ਉਸ ਕੈਨ ਦਾ ਢੱਕਣ ਖੋਲ ਰਿਹਾ ਹੈ ਤੇ ਦੂਜਾ ਵਿਅਕਤੀ ਕਿਸੇ ਚੀਜ਼ ਦੇ ਨਾਲ ਘਰ ਦੀ ਉਸ ਸਾਈਡ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਬਾਅਦ ਵਿੱਚ ਇਹ ਦੋਵੇਂ ਸ਼ੱਕੀ ਜਦੋਂ ਘਰ ਦੇ ਅਗਲੇ ਪਾਸਿਓਂ ਨੱਸ ਰਹੇ ਸਨ ਤਾਂ ਰੁੱਖਾਂ ਤੇ ਅੱਗ ਦੀ ਰੌਸ਼ਨੀ ਪੈਂਦੀ ਹੋਈ ਨਜ਼ਰ ਆ ਰਹੀ ਹੈ। ਜਾਂਚ ਕਰਤਾਵਾਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਜੇਕਰ ਕਿਸੇ ਨੇ ਵੀ ਉਸ ਦਿਨ ਕੋਈ ਵੀ ਸ਼ੱਕੀ ਕਾਰਵਾਈ ਦੇਖੀ ਹੋਵੇ ਤਾਂ ਪੁਲਿਸ ਨਾਲ ਸਾਂਝੀ ਕੀਤੀ ਜਾਵੇ।










# ਰੌਕੀਵਿਊ ਕਾਊਂਟੀ ਵਿੱਚ ਗੋਲੀਬਾਰੀ ਕਾਰਣ ਇੱਕ ਦੀ ਮੌਤ ਅਤੇ ਇੱਕ ਜਖਮੀ ਹੋਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਬਾਹਰ ਵਾਰ ਰੌਕੀ ਵਿਊ ਕਾਊਂਟੀ ਵਿੱਚ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਅਤੇ ਇੱਕ ਜ਼ਖਮੀ ਹੋਇਆ ਹੈ। ਆਰਸੀਐਮਪੀ ਦੇ ਸਟਾਫ ਸਾਰਜੰਟ ਮਾਰਕ ਵਿਲਗੋਜ਼ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਗੋਲੀਬਾਰੀ ਰੇਂਜ ਰੋਡ 282 ਅਤੇ ਟਾਊਨਸ਼ਿਪ ਰੋਡ 250 ਦੇ ਨੇੜੇ ਹੋਈ। ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਦੀ ਸੂਚਨਾ ਮਿਲਣ ਉਪਰੰਤ ਮੌਕੇ ਤੇ ਪਹੁੰਚੇ ਅਧਿਕਾਰੀਆਂ ਨੂੰ ਦੋ ਵਿਅਕਤੀ ਵੱਖ ਵੱਖ ਥਾਂ 'ਤੇ ਜ਼ਖਮੀ ਹਾਲਤ ਵਿੱਚ ਮਿਲੇ, ਜਿਨਾਂ ਵਿੱਚੋਂ ਇੱਕ ਨੂੰ ਮੌਕੇ ਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦੋਂ ਕਿ ਦੂਜੇ ਨੂੰ ਹਸਪਤਾਲ ਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਬਾਅਦ ਵਿੱਚ ਚੋਰੀ ਹੋਇਆ ਟਰੱਕ ਟਾਊਨਸ਼ਿਪ ਰੋਡ 252 ਤੇ ਰੇਂਜ ਰੋਡ 260 ਦੇ ਨਜ਼ਦੀਕ ਸਟਰੈਥ ਮੋਰ ਦੇ ਉੱਤਰ ਵਾਲੇ ਪਾਸਿ?' ਹੈਲੀਕਾਪਟਰ ਦੀ ਮਦਦ ਨਾਲ ਬਰਾਮਦ ਕਰ ਲਿਆ ਸੀ ਇਸ ਗੋਲੀਬਾਰੀ ਵਿੱਚ ਮਾਰੇ ਗਏ ਤੇ ਜ਼ਖਮੀ ਹੋਏ ਵਿਅਕਤੀਆਂ ਦੀ ਪਹਿਚਾਨ ਜਨਤਕ ਕੀਤੀ ਗਈ ਹੈ।ਮਾਰੇ ਗਏ ਵਿਅਕਤੀ ਦਾ ਨਾਂ ਕੋਲਿਨ ਹਾਫ ਹੈ ਅਤੇ ਉਹ ਰੌਕੀ ਵਿਊ ਕਾਊਂਟੀ ਦਾ ਕਰਮਚਾਰੀ ਸੀ ਅਤੇ ਇਸ ਦੀ ਜਾਣਕਾਰੀ ਰੌਕੀ ਵਿਊ ਕਾਊਂਟੀ ਦੀ ਵੈਬਸਾਈਟ ਤੇ ਜਾਰੀ ਕੀਤੀ ਗਈ ਹੈ। ਇਸ ਤੋਂ ਇਲਾਵਾ ਜੋ ਵਿਅਕਤੀ ਜ਼ਖਮੀ ਹੋਇਆ ਹੈ ਉਹ ਫੋਰਟਿਸ ਅਲਬਰਟਾ ਦਾ ਕਰਮਚਾਰੀ ਹੈ ਅਤੇ ਜਿਸ ਵਕਤ ਉਸ ਨੂੰ ਗੋਲੀ ਲੱਗੀ ਉਹ ਆਪਣਾ ਰੂਟੀਨ ਵਾਲਾ ਕੰਮ ਕਰ ਰਿਹਾ ਸੀ ਉਸ ਨੂੰ ਮੁਢਲੀ ਡਾਕਟਰੀ ਸਹਾਇਤਾ ਉਪਰੰਤ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

# ਹੁਣ ਸਰੀ ਦੇ ਖੇਤੀਬਾੜੀ ਕਾਮਿਆਂ ਨੇ ਵੀ ਆਪਣੇ ਇੱਕਮੁੱਠ ਹੋਣ ਦਾ ਦਿਖਾਵਾ ਕੀਤਾ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਬ੍ਰਿਟਿਸ਼ ਕੋਲੰਬੀਆ ਦੇ ਖੇਤੀਬਾੜੀ ਸੈਕਟਰ ਵਿੱਚ ਕੰਮ ਕਰਨ ਵਾਲੇ ਅਸਥਾਈ ਵਿਦੇਸ਼ੀ ਵਰਕਰਾਂ ਵੱਲੋਂ ਆਪਣੇ ਹੱਕਾਂ ਲਈ ਇੱਕ ਰੋਸ ਮੁਜ਼ਾਹਰਾ ਕੀਤਾ ਗਿਆ ਜਿਸ ਵਿੱਚ ਸੂਬਾਈ ਅਤੇ ਫੈਡਰਲ ਸਰਕਾਰਾਂ ਕੋਲੋਂ ਮੰਗ ਕੀਤੀ ਗਈ ਕਿ ਉਹਨਾਂ ਦੇ ਹੱਕਾਂ ਦੀ ਰਾਖੀ ਕੀਤੀ ਜਾਵੇ। ਇਹ ਵਰਕਰ 24 ਡਾਲਰ ਪ੍ਰਤੀ ਘੰਟਾ ਮਿਹਨਤਾਨਾ ਓਵਰ ਟਾਈਮ ਲਈ ਮਿਹਨਤਾਨਾ ਅਤੇ ਕਾਨੂੰਨੀ ਛੁੱਟੀਆਂ ਦੀ ਮੰਗ ਕਰ ਰਹੇ ਸਨ। ਇਸ ਤੋਂ ਇਲਾਵਾ ਬਿਨਾਂ ਦਸਤਾਵੇਜ਼ਾਂ ਵਾਲੇ ਵਰਕਰਾਂ ਨੂੰ ਕਾਨੂੰਨੀ ਮਾਨਤਾ ਦੇਣ ਅਤੇ ਉਹਨਾਂ ਲਈ ਹੈਲਥ ਕੇਅਰ ਕਵਰੇਜ ਦੀ ਮੰਗ ਵੀ ਕਰ ਰਹੇ ਸਨ।ਇਸ ਤੋਂ ਇਲਾਵਾ ਇਹਨਾਂ ਵਰਕਰਾਂ ਵੱਲੋਂ ਮੰਗ ਕੀਤੀ ਗਈ ਕਿ ਉਹਨਾਂ ਨੂੰ ?ਪਨ ਵਰਕ ਪਰਮਿਟ ਜਾਰੀ ਕੀਤੇ ਜਾਣ ਤਾਂ ਕਿ ਉਹ ਕਿਸੇ ਵੀ ਰੁਜਗਾਰਦਾਤਾ ਨਾਲ ਕਿਸੇ ਵੀ ਜਗ੍ਹਾ ਤੇ ਕੰਮ ਕਰ ਸਕਣ ਨਾ ਕਿ ਕਿਸੇ ਇੱਕ ਰੁਜਗਾਰਦਾਤਾ ਦੇ ਨਾਲ ਬੱਝੇ ਰਹਿਣ ਜੋ ਕਿ ਉਨ੍ਹਾਂ ਦਾ ਸੋਸ਼ਣ ਕਰਦਾ ਹੋਵੇ।

# ਬੰਗਲਾਦੇਸ਼ ਅੰਦਰ ਪ੍ਰਦਰਸਨਕਾਰੀਆਂ ਨੇ ਰਾਸਟਰੀ ਸਮਾਰਕਾਂ ਦਾ ਨੁਕਸਾਨ ਕੀਤਾ



ਢਾਕਾ (ਪੰਜਾਬੀ ਅਖ਼ਬਾਰ ਬਿਊਰੋ) ਬੰਗਲਾਦੇਸ਼ ਵਿੱਚ ਪ੍ਰਦਰਸ਼ਨਕਾਰੀਆਂ ਨੇ 1971 ਦੀ ਜੰਗ ਨਾਲ ਜੁੜੇ ਇੱਕ ਰਾਸ਼ਟਰੀ ਸਮਾਰਕ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ । ਮੁਜੀਬਨਗਰ 'ਚ ਸਥਿੱਤ ਇਹ ਸਮਾਰਕ ਭਾਰਤ-ਮੁਕਤੀ ਬਾਹਿਨੀ ਫੌਜ ਦੀ ਜਿੱਤ ਅਤੇ ਪਾਕਿਸਤਾਨੀ ਫੌਜ ਦੀ ਹਾਰ ਦਾ ਪ੍ਰਤੀਕ ਹੈ। ਵਰਨਣਯੋਗ ਹੈ ਕਿ 16 ਦਸੰਬਰ 1971 ਨੂੰ ਪਾਕਿਸਤਾਨ ਦੇ ਲੈਫਟੀਨੈਂਟ ਜਨਰਲ ਏਏਕੇ ਨਿਆਜ਼ੀ ਨੇ ਹਜ਼ਾਰਾਂ ਸੈਨਿਕਾਂ ਸਮੇਤ ਭਾਰਤੀ ਫੌਜ ਅੱਗੇ ਆਤਮ ਸਮਰਪਣ ਕਰ ਦਿਤਾ ਸੀ। ਉਨ੍ਹਾਂ ਨੇ ਭਾਰਤੀ ਫੌਜ ਦੇ ਅਫਸਰ ਕਮਾਂਡਿੰਗ-ਇਨ-ਚੀਫ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ ਦੇ ਸਾਹਮਣੇ ਦਸਤਾਵੇਜ਼ਾਂ 'ਤੇ ਦਸਤਖਤ ਕੀਤੇ ਸਨ । ਇਹ ਸਮਾਰਕ ਉਸੇ ਦੀ ਤਸਵੀਰ ਨੂੰ ਦਰਸਾਉਂਦਾ ਸੀ।

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਵਿਸ਼ੇਸ਼ ਆਰਥਿਕ ਮੱਦਦ ਦਾ ਐਲਾਨ



ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਓਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ ਵੱਲੋਂ ਐਲਾਨ ਕੀਤਾ ਗਿਆ ਕਿ ਟਾਇਰ ਨਿਰਮਾਤਾ ਕੰਪਨੀ ਗੁਡਈਅਰ ਵੱਲੋਂ ਨੈਪੀਨੀ ਵਿੱਚ ਸਥਿਤ ਪਲਾਂਟ ਦੀ ਸਮਰੱਥਾ ਵਧਾਉਣ ਉਸਦੇ ਆਧੁਨਿਕ ਕਰਨ ਅਤੇ ਇਲੈਕਟ੍ਰਿਕ ਵਾਹਨਾਂ ਦੇ ਟਾਇਰ ਬਣਾਉਣ ਲਈ 575 ਮਿਲੀਅਨ ਡਾਲਰ ਨਿਵੇਸ਼ ਕੀਤੇ ਜਾ ਰਹੇ ਹਨ ਇਸ ਵਿੱਚ ਫੈਡਰਲ ਸਰਕਾਰ ਵੱਲੋਂ 44।3 ਮਿਲੀਅਨ ਡਾਲਰ ਅਤੇ ਸੂਬਾ ਸਰਕਾਰ ਵੱਲੋਂ 20 ਮਿਲੀਅਨ ਡਾਲਰ ਦੀ ਫੰਡਿੰਗ ਦਿੱਤੀ ਜਾ ਰਹੀ ਹੈ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਪ੍ਰੋਜੈਕਟ ਨਾਲ ਸਾਲ 2027 ਤੱਕ 200 ਨੌਕਰੀਆਂ ਪੈਦਾ ਹੋਣਗੀਆਂ ਇਸ ਤੋਂ ਇਲਾਵਾ ਇਹ ਪਲਾਂਟ 2040 ਤੱਕ ਜ਼ੀਰੋ ਨੈਟ ਅਮਿਸ਼ਨ ਦੇ ਟੀਚੇ ਨੂੰ ਵੀ ਪੂਰਾ ਕਰੇਗਾ ਪ੍ਰਧਾਨ ਮੰਤਰੀ ਟਰੂਡੋ ਨੇ ਆਖਿਆ ਕਿ ਗੁਡਈਅਰ ਵੱਲੋਂ ਕੀਤਾ ਜਾ ਰਿਹਾ ਨਿਵੇਸ਼ ਕੈਨੇਡਾ ਦੇ ਆਟੋ ਸੈਕਟਰ ਵਰਕਰਾਂ ਵਿੱਚ ਭਰੋਸੇ ਦਾ ਇੱਕ ਹੋਰ ਪ੍ਰਤੀਕ ਹੈ। ਇਸ ਨਾਲ ਗੁਡੀਅਰ ਦਾ ਦੇਸ਼ ਭਰ 'ਚ ਕੁੱਲ ਨਿਵੇਸ਼ 46 ਬਿਲੀਅਨ ਡਾਲਰ ਤੱਕ ਹੋਣ ਦੀ ਉਮੀਦ ਲਗਾਈ ਗਈ ਹੈ। ਪ੍ਰਧਾਨ ਮੰਤਰੀ ਨੇ ਇਸ ਗੱਲ ਦਾ ਸੰਕੇਤ ਵੀ ਦਿੱਤਾ ਹੈ ਕਿ ਥੋੜੇ ਸਮੇਂ 'ਚ ਹੀ ਕੈਨੇਡਾ ਚੀਨ ਦੀਆਂ ਬੈਟਰੀ ਵਾਲੇ ਵਹੀਕਲਾਂ ਉੱਪਰ ਅਮਰੀਕਾ ਦੇ ਬਰਾਬਰ ਟੈਕਸ ਲਗਾਵੇਗਾ। ਹੁਣ ਤੱਕ ਇਸ ਪਲਾਂਟ 'ਚ ਇੱਕ ਹਜ਼ਾਰ ਲੋਕ ਰੁਜ਼ਗਾਰ ਕਰ ਰਹੇ ਹਨ।
















# ਹੁਣ ਜੈਸਪਰ ਵਾਸੀ ਆਪਣੇ ਘਰ ਨੂੰ ਸਿਰਫ ਦੇਖਣ ਜਾ ਸਕਣਗੇ।



ਜੈਸਪਰ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੇ ਇਤਿਹਾਸਿਕ ਸ਼ਹਿਰ ਜੈਸਪਰ ਜਿੱਥੇ ਬੀਤੇ ਦਿਨੀ ਜੰਗਲੀ ਅੱਗਾਂ ਕਾਰਨ ਭਾਰੀ ਤਬਾਹੀ ਹੋਈ ਸੀ ਤੋਂ ਸੁਰੱਖਿਤ ਬਾਹਰ ਭੇਜੇ ਗਏ ਲੋਕ ਆਪਣੀ ਕਮਿਊਨਿਟੀ ਵਿੱਚ ਪਰਤ ਸਕਣਗੇ ਕਮਿਊਨਿਟੀ ਦਾ ਦੌਰਾ ਕਰ ਸਕਣਗੇ ਪਰ ਵਾਇਲਡ ਫਾਇਰ ਅਧਿਕਾਰੀਆਂ ਵੱਲੋਂ ਆਖਿਆ ਗਿਆ ਹੈ ਕਿ ਆਪਣੀ ਕਮਿਊਨਿਟੀ ਦੇ ਵਿੱਚ ਆਉਣ ਵਾਲੇ ਲੋਕ ਇਹ ਨਾ ਸੋਚਣ ਕਿ ਉਹ ਆਪਣੇ ਘਰਾਂ ਵਿੱਚ ਰਾਤ ਬਿਤਾ ਸਕਣਗੇ ।ਟਾਊਨ ਇੰਸੀਡੈਂਟ ਕਮਾਂਡਰ ਕ੍ਰਿਸਟੀਨ ਨੈਟਨ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਦੱਸਿਆ ਕਿ ਜੈਸਪਰ ਨਾਲ ਸੰਬੰਧਿਤ ਹਰੇਕ ਵਿਅਕਤੀ ਇੱਕ ਵਾਰ ਵਾਪਸ ਆ ਸਕਦਾ ਹੈ। ਇਸ ਸਬੰਧੀ ਮੇਅਰ ਰਿਚਰਡ ਆਇਰਲੈਂਡ ਨੇ ਵੀ ਪੂਰੀ ਯੋਜਨਾ ਦਾ ਖ਼ੁਲਾਸਾ ਕੀਤਾ ਹੈ।

# ਸਤੰਬਰ ਮਹੀਨੇ ਦੇ ਪਹਿਲੇ 10 ਦਿਨ ਟਰੰਪ ਅਤੇ ਕਮਲਾ ਵਿਚਕਾਰ ਡਿਬੇਟ ਹੋਵੇਗੀ



ਯੂ ਐਸ ਏ (ਪੰਜਾਬੀ ਅਖ਼ਬਾਰ ਬਿਊਰੋ) ਡੋਨਲਡ ਟਰੰਪ ਅਤੇ ਭਾਰਤੀ ਅਫ਼ਰੀਕੀ ਮੂਲ ਦੀ ਕਮਲਾ ਹੈਰਿਸ ਅਗਲੇ ਮਹੀਨੇ 10 ਸਤੰਬਰ ਨੂੰ ਡਿਬੇਟ ਲਈ ਸਹਿਮਤ ਹੋ ਗਏ ਹਨ। ਅਮਰੀਕੀ ਟੀਵੀ ਨਿਊਜ਼ ਏਬੀਸੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਹ ਪਹਿਲੀ ਵਾਰ ਹੋਵੇਗਾ ਜਦੋਂ ਟਰੰਪ ਅਤੇ ਕਮਲਾ ਵਿਚਾਲੇ ਆਹਮੋ-ਸਾਹਮਣੇ ਬਹਿਸ ਹੋਵੇਗੀ। ਸੀਐਨਐਨ ਦੀ ਰਿਪੋਰਟ ਮੁਤਾਬਕ ਟਰੰਪ ਕਮਲਾ ਨਾਲ 3 ਡਿਬੇਟਾਂ ਕਰਨਾ ਚਾਹੁੰਦੇ ਹਨ। ਟਰੰਪ ਨੇ ਇੱਕ ਪ੍ਰੈਸ ਕਾਨਫਰੰਸ 'ਚ ਕਿਹਾ ਕਿ ਬਹਿਸ ਹੋਣੀ ਬਹੁਤ ਜ਼ਰੂਰੀ ਹੈ। ਉਹ 4 ਸਤੰਬਰ ਨੂੰ ਫੌਕਸ, 10 ਦਸੰਬਰ ਨੂੰ ਏਬੀਸੀ ਅਤੇ 25 ਸਤੰਬਰ ਨੂੰ ਐਨਬੀਸੀ ਤੇ ਡਿਬੇਟ ਲਈ ਤਿਆਰ ਹਨ । ਟਰੰਪ ਨੇ ਕਿਹਾ ਕਿ ਬਹਿਸ ਦਾ ਸਥਾਨ ਕੀ ਹੋਵੇਗਾ ਅਤੇ ਕਿੰਨੇ ਲੋਕ ਹੋਣਗੇ, ਇਨ੍ਹਾਂ ਸਾਰੀਆਂ ਗੱਲਾਂ 'ਤੇ ਚਰਚਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਤਿੰਨੋਂ ਬਹਿਸਾਂ ਲਈ ਕਮਲਾ ਹੈਰਿਸ ਦੇ ਸਹਿਮਤ ਹੋਣ ਦੀ ਉਡੀਕ ਕਰ ਰਹੇ ਹਨ।

# ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਡਾ: ਕੁਲਦੀਪ ਸਿੰਘ ਦੀਪ ਦਾ ਸਨਮਾਨ ਕੀਤਾ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਮੌਕੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਮੁੱਖ ਮਹਿਮਾਨ ਅਤੇ ਅੱਜ ਦੇ ਬੁਲਾਰੇ ਡਾ: ਕੁਲਦੀਪ ਸਿੰਘ ਦੀਪ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹਨਾਂ ਨੇ ਆਪਣੀ ਉਮਰ ਦੇ ਵਰ੍ਹਿਆਂ ਤੋਂ ਵੀ ਜਿਆਦਾ ਕਿਤਾਬਾਂ ਲਿਖੀਆਂ ਹਨ। ਡਾ: ਕੁਲਦੀਪ ਸਿੰਘ 'ਦੀਪ'ਨੇ 'ਪੰਜਾਬੀ ਭਾਸ਼ਾ ਦੇ ਵਰਤਮਾਨ ਸਰੋਕਾਰ'ਵਿਸ਼ੇ ਉੱਪਰ ਬੋਲਦਿਆਂ ਕਿਹਾ ਕਿ ਭਾਸ਼ਾਈ ਹੀਣਤਾ, ਬਸਤੀਵਾਦੀ ਮਾਨਸਿਕਤਾ ਅਤੇ ਭਾਸ਼ਾਵਾਂ ਵਿਚ ਵਪਾਰ, ਰੁਜ਼ਗਾਰ ਅਤੇ ਸੰਚਾਰ ਦੀਆਂ ਘਟ ਰਹੀਆਂ ਸੰਭਾਵਨਾਵਾਂ ਦੇ ਦੌਰ ਵਿੱਚ ਦੁਨੀਆ ਦੀਆਂ 7000 ਭਾਸ਼ਾਵਾਂ ਵਿੱਚੋਂ 2500 ਭਾਸ਼ਾਵਾਂ ਲਈ ਵੱਡੀਆਂ ਚੁਣੌਤੀਆਂ ਹਨ। ਪੰਜਾਬੀ ਭਾਸ਼ਾ ਵੀ ਇਹਨਾਂ ਚੁਣੌਤੀਆਂ ਦੇ ਰੂਬਰੂ ਹੈ। ਸਾਨੂੰ ਆਪਣੀ ਭਾਸ਼ਾ ਉੱਪਰ ਪੈ ਰਹੇ ਗਲੋਬਲੀ, ਫਿਰਕੂ, ਤਕਨੀਕੀ ਅਤੇ ਸਿਆਸੀ ਦਬਾਵਾਂ ਨੂੰ ਸਮਝਦੇ ਹੋਏ ਨਿੱਜੀ ਅਤੇ ਸਮੂਹਕ ਯਤਨ ਕਰਨੇ ਹੋਣਗੇ। ਪੂਰੀ ਦੁਨੀਆਂ ਵਿੱਚ ਵਸਦੇ 14 ਕਰੋੜ ਪੰਜਾਬੀਆਂ ਦੀ ਭਾਸ਼ਾ ਦੀਆਂ ਗਲੋਬਲੀ ਦੌਰ ਵਿੱਚ ਅਪਾਰ ਸੰਭਾਵਨਾਵਾਂ ਹਨ। ਆਪੋ ਆਪਣੀਆਂ ਸਰਕਾਰਾਂ ਤੇ ਦਬਾਅ ਬਣਾਉਣਾ ਚਾਹੀਦਾ ਹੈ ਕਿ ਉਹ ਪੰਜਾਬੀ ਭਾਸ਼ਾ ਨੂੰ ਸੰਚਾਰ, ਵਪਾਰ ਅਤੇ ਰੁਜ਼ਗਾਰ ਦੀ ਭਾਸ਼ਾ ਬਣਾਵੇ ਅਤੇ ਦੂਜੇ ਪਾਸੇ ਆਪਣੇ ਆਪ ਨੂੰ ਤਕਨੀਕ ਦੇ ਹਾਣ ਦਾ ਬਣਾ ਕੇ ਭਾਸ਼ਾ ਦੀਆਂ ਨਵੀਆਂ ਸੰਭਾਵਨਾਵਾਂ ਦੀ ਤਲਾਸ਼ ਕਰੋ। ਜਿਹੜੀ ਮਰਜੀ ਭਾਸ਼ਾ ਸਿੱਖੋ, ਪਰ ਆਪਣੀ ਮਾਂ ਬੋਲੀ ਨੂੰ ਨਾ ਦੁਰਕਾਰੋ। ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਡਾ: ਕੁਲਦੀਪ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਡਾ: ਕੁਲਦੀਪ ਅਜਿਹਾ ਚੇਤੰਨ, ਬੁਲਾਰਾ, ਉੱਚ-ਕੋਟੀ ਦਾ ਨਾਟਕਕਾਰ, ਚਿੰਤਕ ਅਤੇ ਬੁੱਧੀਜੀਵੀ ਹੈ ਜਿਸਨੇ ਆਪਣੀ ਬੁੱਧੀ ਨਾਲ ਭੂਤਕਾਲ ਦੀਆਂ ਕਬਰਾਂ ਕੁਰੇਦ ਕੇ ਹੱਡੀਆਂ ਨੂੰ ਖੰਘਾਲਿਆ ਹੈ, ਸਵਾਹ ਨੂੰ ਛਾਣ ਕੇ ਤੱਤ ਕੱਢੇ ਹਨ ਅਤੇ ਉਹਨਾਂ ਤੱਤਾਂ ਦੇ ਆਧਾਰ ਤੇ ਉਹ ਵਰਤਮਾਨ ਦੇ ਰਾਜਨੀਤਕ ਅਤੇ ਸਮਾਜਿਕ ਢਾਂਚੇ ਨੂੰ ਅਜਿਹੀ ਗਹਿਰ ਗੰਭੀਰ ਨਿਗਾਹ ਨਾਲ ਵੇਖਦਾ ਵੇਖਦਾ ਭਵਿੱਖ ਲਈ ਚਿੰਤਾਤੁਰ ਹੋ ਜਾਂਦਾ ਹੈ। ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਡਾ, ਕੁਲਦੀਪ ਸਿੰਘ ਦੀਪ ਦਾ ਸਨਮਾਨ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ 13 ਕੁ ਸਾਲ ਉਮਰ ਦੇ ਮੋਹਕਮ ਸਿੰਘ ਚੌਹਾਨ ਨੇ ਸੁਰਿੰਦਰ ਗੀਤ ਦੀ ਰਚਨਾ ਤਰੰਨਮ 'ਚ ਪੇਸ਼ ਕੀਤੀ। ਸੁਖਮੰਦਰ ਸਿੰਘ ਤੂਰ, ਭੋਲਾ ਸਿੰਘ ਚੌਹਾਨ, ਬਚਿੱਤਰ ਸਿੰਘ ਗਿੱਲ, ਅਨਵਰ ਅਹਿਮਦ, ਮਨਜੀਤ ਬਰਾੜ, ਸੁਖਮੰਦਰ ਸਿੰਘ ਗਿੱਲ, ਬਚਨ ਸਿੰਘ ਗੁਰਮ, ਜਸਵੀਰ ਸਿੰਘ ਸਿਹੋਤਾ, ਡਾ, ਰਾਜਵੰਤ ਕੌਰ 'ਮਾਨ' ਤਰਲੋਕ ਸਿੰਘ ਚੁੱਘ ਨੇ ਆਪੋ ਆਪਣੀਆਂ ਅਰਥ-ਭਰਪੂਰ ਰਚਨਾਵਾਂ ਅਤੇ ਵਿਚਾਰਾਂ ਨਾਲ ਹਾਜ਼ਰੀ ਲਗਵਾਈ।


# ਗੀਤਕਾਰ ਅਲਬੇਲ ਬਰਾੜ ਨੇ ਆਖਿਆ, ਬਾਤਾਂ ਪਾਉਣ ਜੋਗਾ ਹੁਣ ਰਹਿ ਗਿਆ ਪੰਜਾਬ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ ਮਹੀਨਾਵਾਰ ਮੀਟਿੰਗ 3 ਅਗਸਤ ਨੂੰ ਕੋਸੋ ਹਾਲ ਵਿੱਚ ਹੋਈ। ਇਸ ਦੀ ਪ੍ਰਧਾਨਗੀ ਜਸਵੀਰ ਸਿਹੋਤਾ, ਅਲਬੇਲ ਸਿੰਘ ਬਰਾੜ ਅਤੇ ਦਰਸ਼ਨ ਸਿੰਘ ਬਰਾੜ ਨੇ ਕੀਤੀ। ਇਸ ਦੌਰਾਨ ਪੰਜਾਬ ਦੇ ਅਲਬੇਲੇ, ਸੱਚੇ-ਸੁੱਚੇ ਗੀਤਕਾਰ ਅਲਬੇਲ ਬਰਾੜ ਨੂੰ ਯਾਦਗਾਰੀ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ। ਅਲਬੇਲ ਬਰਾੜ ਕੋਈ 3200 ਤੋਂ ਵੱਧ ਗੀਤਾਂ ਦਾ ਰਚੇਤਾ ਹੈ ਅਤੇ ਉਸ ਦੇ ਗੀਤਾਂ ਨੂੰ 100 ਤੋਂ ਵੱਧ ਮਕਬੂਲ ਗਾਇਕਾਂ ਨੇ ਆਵਾਜ਼ ਦੇ ਕੇ ਲੋਕ ਮਨਾਂ ਵਿੱਚ ਵਸਾਇਆ ਹੈ। ਕੁਲਦੀਪ ਮਾਣਕ ਦੁਆਰਾ ਗਾਏ ਉਸ ਦੇ ਗੀਤ ਨੇ ਧੀਆਂ ਪ੍ਰਤੀ ਜ਼ਿਕਰਯੋਗ ਜਾਗ੍ਰਤੀ ਲਿਆਂਦੀ - ਹੋਇਆ ਕੀ ਜੇ ਧੀ ਜੰਮ ਪਈ, ਕੁੱਖ ਤਾਂ ਸੁਲੱਖਣੀ ਹੋਈ। ਅਲਬੇਲ ਬਰਾੜ ਨੇ ਸਨਮਾਨ ਹਾਸਲ ਕਰਦਿਆਂ ਕੈਲਗਰੀ ਵਾਸੀਆਂ ਨੂੰ ਕਲਾ ਦੇ ਕਦਰਦਾਨ ਕਹਿ ਕੇ ਸਿਫ਼ਤ ਕੀਤੀ ਅਤੇ ਪੰਜਾਬ ਦੇ ਵਿਗੜ ਰਹੇ ਹਾਲਾਤ ਬਾਰੇ ਆਪਣਾ ਇੱਕ ਗੀਤ ਬਾਤਾਂ ਪਾਉਣ ਜੋਗਾ ਹੁਣ ਰਹਿ ਗਿਆ ਪੰਜਾਬ, ਗਾ ਕੇ ਸਰੋਤਿਆਂ ਦੇ ਮਨ ਟੁੰਬ ਲਏ । ਕਵੀਸ਼ਰ ਜਸਵੰਤ ਸਿੰਘ ਸੇਖੋਂ ਨੇ ਗਦਰੀ ਯੋਧੇ ਮੇਵਾ ਸਿੰਘ ਲੋਪੋ ਕੇ ਬਾਰੇ ਬੈਂਤ ਜਿਹੜਾ ਅਸਾਂ ਨੇ ਨਿਸ਼ਾਨਾ ਮਿਥਿਆ ਏ, ਹੋਣਾ ਏਸ ਤੋਂ ਪਿਆ ਕੁਰਬਾਨ ਦਿਸਦੈ, ਨਵੇਂ ਅੰਦਾਜ਼ ਵਿੱਚ ਗਾ ਕੇ ਸੁਣਾਇਆ । ਸਰਦੂਲ ਸਿੰਘ ਲੱਖਾ ਨੇ ਵੀ ਗਦਰੀ ਯੋਧਿਆਂ ਨੂੰ ਕਵਿਤਾ ਰਾਹੀਂ ਯਾਦ ਕੀਤਾ। ਰਵੀ ਪ੍ਰਕਾਸ਼ ਨੇ ਸਿਦਕ ਸਾਡੇ ਨੇ ਕਦੇ ਮਰਨਾ ਨਹੀਂ, ਗਾ ਕੇ ਆਜ਼ਾਦੀ ਦੇ ਪ੍ਰਵਾਨਿਆਂ ਨੂੰ ਅਕੀਦਾ ਪੇਸ਼ ਕੀਤਾ । ਜੈਤੋ ਵਾਲੇ ਦਰਸ਼ਨ ਬਰਾੜ ਦੀ ਕਵਿਤਾ ਹੱਥ ਵਿੱਚ ਸੋਟੀ ਦਵਾਨੀ ਖੋਟੀ ਉਪਦੇਸ਼ਾਤਮਿਕ ਅਤੇ ਮਨੋਰੰਜਕ ਵੀ ਸੀ। ਉਨ੍ਹਾਂ ਦੀ ਪੁਸਤਕ 'ਜਗਤ ਕਾਫ਼ਲਾ' ਨੂੰ ਲੋਕ-ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ। ਡਾ: ਜੋਗਾ ਸਿੰਘ ਸਹੋਤਾ ਨੇ ਤਿੰਨ ਵੱਖੋ ਵੱਖ ਵੰਨਗੀਆਂ ਵਿੱਚ ਪੇਸ਼ਕਾਰੀ ਰਾਹੀਂ ਆਪਣੀ ਕਮਾਲ ਦੀ ਗਾਇਕੀ ਦਾ ਸਿੱਕਾ ਜਮਾਇਆ। ਕੋਸੋ ਹਾਲ ਦੇ ਪ੍ਰਧਾਨ ਹਰਦਿਆਲ ਸਿੰਘ ਉਰਫ਼ ਹੈਪੀ ਮਾਨ ਨੇ ਆਜ਼ਾਦੀ ਨੂੰ ਇਤਿਹਾਸ ਦੇ ਹਵਾਲਿਆਂ ਨਾਲ ਪ੍ਰੀਭਾਸ਼ਿਤ ਕੀਤਾ। ਤਰਲੋਕ ਚੁੱਘ ਨੇ ਆਜ਼ਾਦੀ ਨਾਲ ਸੰਬੰਧਤ ਚੁਟਕਲੇ ਸੁਣਾ ਕੇ ਹਰਫ਼ਨਮੌਲਾ ਕਲਾਕਾਰ ਹੋਣ ਦਾ ਸਬੂਤ ਦਿੱਤਾ। ਗੁਰਮੀਤ ਸਿੰਘ ਨੇ ਸੱਭਿਆਚਾਰਕ ਵਸਤਾਂ ਅਲੋਪ ਹੋਣ ਬਾਰੇ ਕਵਿਤਾ ਸੁਣਾਈ। ਜਸਵੰਤ ਸਿੰਘ ਕਪੂਰ ਅਤੇ ਜੀਰ ਸਿੰਘ ਬਰਾੜ ਨੇ ਭਖਦੇ ਮਸਲਿਆਂ ਬਾਰੇ ਕੀਮਤੀ ਵਿਚਾਰ ਰੱਖੇ। ਸੰਨੀ ਸਵੈਚ ਨੇ ਕਵਿਤਾ ਰਾਹੀਂ ਭੋਂ-ਹੇਰਵੇ ਦਾ ਇਜ਼ਹਾਰ ਇਉਂ ਕੀਤਾ - ਮੇਪਲ ਦੀ ਛਾਵੇਂ ਬੈਠਣ ਲਈ ਅਸੀਂ ਛੱਡਿਆ ਮੁਲਕ ਪੁਰਾਣੇ ਨੂੰ, ਓਦਾਂ ਤਾਂ ਜਚੇ ਕਨੇਡਾ ਵੀ ਪਰ ਯਾਦ ਕਰਾਂ ਲੁਧਿਆਣੇ ਨੂੰ। ਜਗਦੇਵ ਸਿੱਧੂ ਦਾ ਵਿਚਾਰ ਸੀ ਕਿ ਜਦੋਂ ਤੱਕ ਕਵੀਸ਼ਰੀ ਅਤੇ ਅਲਬੇਲ ਬਰਾੜ ਵਰਗਿਆਂ ਦੇ ਗੀਤ ਗੂੰਜਣਗੇ, ਉਦੋਂ ਤੱਕ ਪੰਜਾਬੀ ਸਭਿਆਚਾਰ ਨੂੰ ਕੋਈ ਖ਼ਤਰਾ ਨਹੀਂ। ਅਮਨਪ੍ਰੀਤ ਸਿੰਘ ਦੁਲੱਟ ਨੇ ਪ੍ਰਬੀਨਤਾ ਨਾਲ ਕਾਰਵਾਈ ਨੂੰ ਅੰਜਾਮ ਦਿੱਤਾ। ਅਖੀਰ ਵਿੱਚ ਸਭਾ ਦੇ ਪ੍ਰਧਾਨ ਜਸਵੀਰ ਸਿਹੋਤਾ ਨੇ ਮਹਿਮਾਨ ਅਲਬੇਲ ਬਰਾੜ ਅਤੇ ਦਰਸ਼ਨ ਬਰਾੜ ਦਾ ਉਚੇਚੇ ਤੌਰ ਤੇ ਸ਼ੁਕਰੀਆ ਅਦਾ ਕੀਤਾ, ਨਾਲ ਹੀ ਹਾਜ਼ਰੀਨ ਦਾ ਧੰਨਵਾਦ ਕੀਤਾ।

## ਤੀਆਂ ਤੀਜ ਦੀਆਂ ਸਾਕਾ ਵਿਹੜੇ ਲੱਗੀਆਂ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਕੈਲਗਰੀ ਦੀਆਂ ਬੀਬੀਆਂ ਨੇ ਡਾਇਰੈਕਟਰ ਦਲਵੀਰ ਕੌਰ ਕੰਗ ਦੀ ਅਗਵਾਈ ਹੇਠ ਤੀਜ ਦੀਆਂ ਤੀਆਂ ਦਾ ਤਿਉਹਾਰ ਮਨਾਇਆ । ਸਾਕਾ ਦੇ ਦਫਤਰ ਵਿੱਚ 28 ਤਰੀਕ ਦਿਨ ਐਤਵਾਰ ਨੂੰ ਸਾਰੇ ਮੈਂਬਰਾਂ ਨੇ ਹਾਜ਼ਰੀ ਲਗਵਾਈ। ਸੰਸਥਾ ਦੀਆਂ ਸਮੂਹ ਔਰਤ ਮੈਂਬਰ ਰੰਗ ਬਿਰੰਗੇ ਸੂਟਾਂ ਵਿੱਚ ਸੱਜ ਧੱਜ ਕੇ ਆਈਆਂ। ਉਮਰਾਂ ਦੇ ਆਕਿਰੀ ਪੜਾਵਾਂ ਨੂੰ ਪੁੱਜੀਆਂ ਸਾਰੀਆਂ ਹੀ ਸੀਨੀਅਰ ਇੱਕ ਦੂਜੀ ਤੋਂ ਮੂਹਰੇ ਬੋਲੀਆਂ ਪਾ ਕੇ ਗਿੱਧਾ ਚੁੱਕ ਰਹੀਆਂ ਸਨ। ਦੋ ਘੰਟੇ ਲੰਬੀ ਹੇਕ ਵਾਲੇ ਗੀਤ ਅਤੇ ਇੱਕ ਦੂਜੇ ਨੂੰ ਸਿੱਠਣੀਆਂ ਦੇ ਬੋਲ ਗੂੰਜਦੇ ਰਹੇ। ਪਰੋਗਰਾਮ ਦੇ ਆਖਿਰ ਵਿੱਚ ਸਾਰਿਆਂ ਨੇ ਰਲ ਮਿਲਕੇ ਖਾਣਾ ਵੀ ਖਾਧਾ, ਜਿਸ ਦੀ ਡਿਊਟੀ ਦਲਵੀਰ ਕੌਰ ਕੰਗ ਅਤੇ ਸੁਰਜੀਤ ਕੌਰ ਧੁੰਨਾ ਨੇ ਨਿਭਾਈ।

# ਹੁਣ ਆਕਲੈਂਡ ਵਿੱਚ ਭਾਰਤੀ ਦੂਤਵਾਸ ਖੁੱਲੇਗਾ




ਆਕਲੈਂਡ (ਪੰਜਾਬੀ ਅਖ਼ਬਾਰ ਬਿਊਰੋ) ਨਿਊਜ਼ੀਲੈਂਡ ਦੌਰੇ ਦੌਰਾਨ ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਹਾ ਕਿ ਭਾਰਤ ਜਲਦੀ ਹੀ ਨਿਊਜ਼ੀਲੈਂਡ ਨਾਲ ਕੂਟਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਪਰਵਾਸੀਆਂ ਦੀ ਸਹੂਲਤ ਲਈ ਆਕਲੈਂਡ ਵਿੱਚ ਦੂਤਾਵਾਸ ਖੋਲ੍ਹੇਗਾ। ਉਨ੍ਹਾਂ ਆਕਲੈਂਡ ਵਿੱਚ ਭਾਰਤੀ ਭਾਈਚਾਰੇ ਦੇ ਸਮਾਗਮ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਨਿਊਜ਼ੀਲੈਂਡ ਨਾਲ ਭਾਰਤ ਦੇ ਸਬੰਧ ਬਹੁਤ ਡੂੰਘੇ ਹਨ ਅਤੇ ਭਾਰਤੀ ਪ੍ਰਵਾਸੀਆਂ ਨੇ ਨਿਊਜ਼ੀਲੈਂਡ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਆਪਣੇ ਸੰਬੋਧਨ ਦੌਰਾਨ ਰਾਸ਼ਟਰਪਤੀ ਨੇ ਕਿਹਾ "ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਭਾਰਤੀ ਭਾਈਚਾਰੇ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਨ ਲਈ ਜਲਦੀ ਹੀ ਆਕਲੈਂਡ ਵਿੱਚ ਇੱਕ ਕੌਂਸਲੇਟ(ਦੂਤਾਵਾਸ) ਖੋਲ੍ਹਿਆ ਜਾਵੇਗਾ।" ਉਨ੍ਹਾਂ ਉਮੀਦ ਪ੍ਰਗਟਾਈ ਕਿ ਇਸ ਕਦਮ ਨਾਲ ਕੂਟਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮੱਦਦ ਮਿਲੇਗੀ। ਵਰਨਣਯੋਗ ਹੈ ਕਿ ਆਕਲੈਂਡ ਵਿੱਚ ਭਾਰਤ ਦਾ ਇੱਕ ਆਰਜ਼ੀ ਕੌਂਸਲ ਹੈ।
















## ਸੰਪਾਦਕੀ



ਸਾਂਝ ਅਤੇ ਸਹਿਜ ਸਫਲਤਾ ਦੇ ਦਰਵਾਜੇ ਹਨ।
-ਜੇਮਸ ਮੈਡੀਸਨ

# ਓਲੰਪਿਕ-48ਵੇਂ ਤੋਂ 70ਵਾਂ ਸਥਾਨ!

ਪੈਰਿਸ ਉਲੰਪਿਕ ਖੇਡਾਂ ਕੁੱਝ ਮਿੱਠੇ ਕੌੜੇ ਤਜਰਬਿਆਂ ਨਾਲ ਸਮਾਪਤ ਹੋ ਗਈਆਂ ਹਨ। ਭਾਰਤੀ ਖਿਡਾਰੀਆਂ ਦਾ ਇਨ੍ਹਾਂ ਖੇਡਾਂ ਵਿੱਚ ਪ੍ਰਦਰਸ਼ਨ ਜੇਕਰ ਬਹੁਤਾ ਮਾੜਾ ਨਹੀਂ ਤਾਂ ਬਹੁਤਾ ਚੰਗਾ ਵੀ ਨਹੀਂ ਕਿਹਾ ਜਾ ਸਕਦਾ। ਜਿੰਨਾ ਅਸੀਂ ਦਾਅਵਾ ਕਰਦੇ ਹਾਂ ਓਨਾ ਮੁਕਾਮ ਸਾਡੇ ਮੁਲਕ ਦੇ ਖਿਡਾਰੀਆਂ ਨੂੰ ਨਹੀਂ ਮਿਲ ਰਿਹਾ। ਛੋਟੇ-ਛੋਟੇ ਮੁਲਕ, ਭਾਰਤ ਨਾਲੋਂ ਜ਼ਿਆਦਾ ਵਧੀਆ ਸਥਿੱਤੀ ਵਿੱਚ ਨਜ਼ਰ ਆ ਰਹੇ ਹਨ। ਪੈਰਿਸ ਓਲੰਪਿਕ 2024 ਦੀ ਸਮਾਪਤੀ ਦੇ ਨਾਲ, ਹੁਣ ਸਾਰੇ ਦੇਸ਼ ਅਤੇ ਉਨ੍ਹਾਂ ਦੇ ਖਿਡਾਰੀ ਅਗਲੀ ਵਾਰ ਦੀ ਤਿਆਰੀ ਸ਼ੁਰੂ ਕਰ ਦੇਣਗੇ। ਓਲੰਪਿਕ 2024 ਵਿੱਚ ਇੱਕ ਚਾਂਦੀ ਅਤੇ ਪੰਜ ਕਾਂਸੀ ਦੇ ਤਗਮੇ ਜਿੱਤਣ ਤੋਂ ਬਾਅਦ ਭਾਰਤੀ ਓਲਿੰਪਿਕ ਟੀਮ ਵੀ ਆਪਣੇ ਖਿਡਾਰੀਆਂ ਨਾਲ ਵਾਪਸ ਆ ਗਈ ਹੈ। ਇਸ ਈਵੈਂਟ 'ਚ ਹਿੱਸਾ ਲੈਣ ਵਾਲੇ ਅਤੇ ਮੈਡਲ ਹਾਸਿਲ ਕਰਨ ਵਾਲੇ ਦੇਸ਼ਾਂ ਦੀ ਗਿਣਤੀ ਦੇ ਲਿਹਾਜ਼ ਨਾਲ ਭਾਰਤ ਦਾ ਪ੍ਰਦਰਸ਼ਨ ਬੇਸ਼ੱਕ ਬਿਹਤਰ ਰਿਹਾ, ਪਰ ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਓਲੰਪਿਕ 'ਚ ਆਪਣੀ ਮਜ਼ਬੂਤ ਜਗ੍ਹਾ ਬਣਾਉਣ ਲਈ ਸਾਨੂੰ ਅਜੇ ਕਾਫੀ ਤਿਆਰੀ ਕਰਨ ਦੀ ਲੋੜ ਹੈ। ਵਰਨਣਯੋਗ ਹੈ ਕਿ ਓਲੰਪਿਕ 2024 ਵਿੱਚ ਸ਼ਾਮਿਲ 114 ਦੇਸ਼ ਕੋਈ ਤਗਮਾ ਹਾਸਿਲ ਨਹੀਂ ਕਰ ਸਕੇ,ਪਰ ਸਾਨੂੰ ਹਾਰਿਆਂ ਵੱਲ ਨਹੀਂ ਸਗੋਂ ਜੇਤੂਆਂ ਦੇਖਣਾ ਚਾਹੀਦਾ ਹੈ। ਭਾਰਤ ਨੂੰ ਤਗਮਾ ਸੂਚੀ ਵਿੱਚ 70ਵਾਂ ਸਥਾਨ ਮਿਲਿਆ ਹੈ। ਜਦੋਂ ਕਿ ਟੋਕੀਓ ਓਲੰਪਿਕ, 2020 ਵਿੱਚ, ਭਾਰਤ ਨੇ ਇੱਕ ਸੋਨੇ ਸਮੇਤ ਸੱਤ ਤਗਮੇ ਜਿੱਤੇ ਸਨ ਅਤੇ ਤਗਮਾ ਸੂਚੀ ਵਿੱਚ 48ਵੇਂ ਸਥਾਨ 'ਤੇ ਸੀ। ਇਸ ਲਈ ਉਮੀਦ ਕੀਤੀ ਜਾ ਰਹੀ ਸੀ ਕਿ ਇਸ ਵਾਰ ਭਾਰਤ ਤਗਮਾ ਪਰਾਪਤੀ ਲਿਸਟ ਵਿੱਚ ਪਹਿਲਾਂ ਨਾਲੋਂ ਬਿਹਤਰ ਸਥਾਨ ਹਾਸਿਲ ਕਰੇਗਾ ਪਰ ਅਸੀ 48ਵੇਂ ਤੋਂ 70 ਵੇਂ ਸਥਾਨ ਉੱਪਰ ਆ ਗਏ ਹਾਂ। ਹਾਕੀ ਅਤੇ ਤੀਰਅੰਦਾਜ਼ੀ ਵਿੱਚ ਭਾਰਤੀ ਖਿਡਾਰੀਆਂ ਨੇ ਵਧੀਆ ਪ੍ਰਦਰਸ਼ਨ ਕੀਤਾ ਅਤੇ ਤਗਮੇ ਜਿੱਤੇ ਪਰ ਕੁੱਝ ਖੇਡਾਂ ਵਿੱਚ ਅਣਕਿਆਸੇ ਨਤੀਜਿਆਂ ਅਤੇ ਉਤਰਾਅ-ਚੜ੍ਹਾਅ ਕਾਰਨ ਇਹ ਉਮੀਦ ਮੱਧਮ ਹੀ ਰਹਿ ਗਈ। ਇਸ ਤਰ੍ਹਾਂ ਦੀਆਂ ਖੇਡਾਂ ਵਿੱਚ ਜਿੱਤ ਅਤੇ ਹਾਰ ਹੁੰਦੀ ਹੈ। ਫਿਰ ਵੀ ਭਾਰਤ ਦੀ ਆਬਾਦੀ ਅਤੇ ਓਲੰਪਿਕ ਦੀਆਂ ਚੁਣੌਤੀਆਂ ਦੇ ਮੱਦੇਨਜ਼ਰ ਕੀਤੀਆਂ ਗਈਆਂ ਤਿਆਰੀਆਂ ਨੂੰ ਦੇਖਦਿਆਂ ਇਹ ਸਵਾਲ ਜ਼ਰੂਰ ਉੱਠਦਾ ਹੈ ਕਿ ਕੀ ਕਾਰਨ ਹੈ ਕਿ ਭਾਵੇਂ ਛੋਟੇ ਦੇਸ਼ ਖੇਡਾਂ ਦੀ ਦੁਨੀਆ ਵਿੱਚ ਵੱਡੀਆਂ ਪ੍ਰਾਪਤੀਆਂ ਕਰਦੇ ਹਨ ਜਦਕਿ ਸਾਡਾ ਦੇਸ਼ ਤਸੱਲੀਬਖਸ਼ ਪ੍ਰਦਰਸ਼ਨ ਨਹੀਂ ਕਰ ਪਾਉਂਦਾ। ਇਹ ਸਪੱਸ਼ਟ ਹੈ ਕਿ ਇਸ ਦਿਸ਼ਾ ਵਿੱਚ ਅਜੇ ਬਹੁਤ ਕੁੱਝ ਕਰਨ ਦੀ ਲੋੜ ਹੈ। ਸਰਕਾਰ ਨੂੰ ਪ੍ਰਤਿਭਾਵਾਂ ਦੀ ਖੋਜ ਤੋਂ ਲੈ ਕੇ ਉਨ੍ਹਾਂ ਨੂੰ ਉਚਿਤ ਅਤੇ ਵਿਸ਼ਵ ਪੱਧਰੀ ਸਿਖਲਾਈ ਪ੍ਰਦਾਨ ਕਰਨ ਤੱਕ ਪਹਿਲ ਕਰਨੀ ਪਵੇਗੀ। ਲੋੜੀਂਦੇ ਫੰਡ ਖਰਚ ਕਰਨ ਦੇ ਨਾਲ-ਨਾਲ ਸਰੋਤਾਂ ਦੀ ਬਿਹਤਰ ਵਰਤੋਂ ਬਾਰੇ 'ਕੋਈ ਸਮਝੌਤਾ ਨਹੀਂ' ਦੀ ਨੀਤੀ ਬਣਾਉਣੀ ਪਵੇਗੀ। ਨਾਲ ਹੀ, ਕੁੱਝ ਮਾਮਲਿਆਂ ਵਿੱਚ ਪੈਦਾ ਹੋਏ ਅਣਸੁਖਾਵੇਂ ਹਾਲਾਤਾਂ ਤੋਂ ਬਚਣ ਲਈ, ਜਿੱਥੇ ਜਿੱਤਿਆ ਤਗਮਾ ਗੁਆਚ ਗਿਆ ਹੈ, ਹਰ ਹਾਲਤ ਵਿੱਚ ਮਜ਼ਬੂਤ ਤੰਤਰ ਬਣਾਉਣਾ ਹੋਵੇਗਾ। ਜੇਕਰ ਪ੍ਰਤਿਭਾਵਾਂ ਦੀ ਚੋਣ ਅਤੇ ਸਿਖਲਾਈ ਸਬੰਧੀ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਅਤੇ ਪੂਰੀ ਤਰ੍ਹਾਂ ਇਮਾਨਦਾਰ ਅਤੇ ਪਾਰਦਰਸ਼ੀ ਪ੍ਰਣਾਲੀ ਹੋਵੇ ਤਾਂ ਅਸੀਂ ਓਲੰਪਿਕ ਦੀ ਤਗਮਾ ਸੂਚੀ ਵਿੱਚ ਵੀ ਸਨਮਾਨਜਨਕ ਸਥਾਨ ਹਾਸਲ ਕਰ ਸਕਦੇ ਹਾਂ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖ਼ਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਅਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
- ਸੰਪਾਦਕ

# ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਬੇਕਸੂਰੇ ਕਦੋਂ ਤੱਕ ?



ਗੁਰਮੀਤ ਸਿੰਘ ਪਲਾਹੀ

ਪਿਛਲੇ ਕੁਝ ਵਰ੍ਹਿਆਂ ਤੋਂ ਆਮਦਨ ਕਰ ਵਿਭਾਗ, ਭਾਰਤ ਦੀ ਈ.ਡੀ.(ਇਨਫੋਰਸਮੈਂਟ ਡੀਪਾਰਟਮੈਂਟ), ਸੀ.ਬੀ.ਆਈ. (ਸੈਂਟਰਲ ਬੋਰਡ ਆਫ਼ ਇਨਵੈਸਟੀਗੇਸ਼ਨ) ਵਲੋਂ ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ ਦੇ ਖਿਲਾਫ਼ ਸ਼ਕੰਜਾ ਕੱਸਣ ਦੇ ਨਾਂਅ 'ਤੇ ਜਿਸ ਤਰ੍ਹਾਂ ਅੰਧਾ-ਧੁੰਦ ਛਾਪੇ ਮਾਰੇ ਗਏ ਅਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਉਸ ਸਬੰਧੀ ਇਹਨਾ ਏਜੰਸੀਆਂ ਉਤੇ ਦੋਸ਼ ਲਗਦੇ ਰਹੇ ਹਨ ਕਿ ਉਹ ਕੇਂਦਰੀ ਹਾਕਮਾਂ ਦੇ ਇਸ਼ਾਰਿਆਂ ਉਤੇ ਉਹਨਾ ਦੀਆਂ ਸਿਆਸੀ ਇਛਾਵਾਂ ਪੂਰੀਆਂ ਕਰਨ ਹਿੱਤ ਇਹ ਸਭ ਕੁਝ ਕਰ ਰਹੇ ਹਨ। ਇਹ ਏਜੰਸੀਆਂ ਵਿਰੋਧੀ ਨੇਤਾਵਾਂ ਨੂੰ ਜਾਂ ਕਥਿਤ ਦੋਸ਼ੀਆਂ ਨੂੰ ਜਮਾਨਤ ਨਾ ਮਿਲੇ ਇਸ ਲਈ ਜਾਣਬੁਝ ਕੇ ਤਕਨੀਕੀ ਅੜਚਣਾ ਪੈਦਾ ਕਰਕੇ ਅਦਾਲਤ ਨੂੰ ਜਮਾਨਤ ਦੇਣ ਤੋਂ ਰੋਕਦੀਆਂ ਦੇਖੀਆਂ ਜਾਂਦੀਆਂ ਹਨ। ਸਿੱਟੇ ਵਜੋਂ ਵਿਅਕਤੀ ਲੰਮਾਂ ਸਮਾਂ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਰਹਿਣ ਲਈ ਮਜ਼ਬੂਰ ਕਰ ਦਿੱਤੇ ਜਾਂਦੇ ਹਨ।

ਉਦਾਹਰਨ ਵਜੋਂ ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆਂ ਦਾ ਕੇਸ ਲੈ ਲਵੋ। ਉਸਨੂੰ ਬਿਨ੍ਹਾਂ ਜਮਾਨਤ 17 ਮਹੀਨੇ ਜੇਲ੍ਹ 'ਚ ਰਹਿਣਾ ਪਿਆ। ਇਸ ਸਬੰਧੀ ਦੇਸ਼ ਦੀ ਸੁਪਰੀਮ ਕੋਰਟ ਨੇ ਆਖ਼ਿਰ ਜਮਾਨਤ ਦਿੱਤੀ ਹੈ, ਹਾਲਾਂਕਿ ਇਹ ਸ਼ਰਤਾਂ ਤਹਿਤ ਹੈ। ਸੁਪਰੀਮ ਕੋਰਟ ਨੇ ਹੇਠਲੀਆਂ ਅਦਾਲਤਾਂ ਨੂੰ ਨਸੀਹਤ ਕੀਤੀ ਹੈ ਕਿ ਜਮਾਨਤ ਨਿਯਮ ਹੈ ਅਤੇ ਜੇਲ੍ਹ ਅਪਵਾਦ(ਛੋਟ)। ਕਿਸੇ ਦੀ ਜਮਾਨਤ ਸਜ਼ਾ ਦੇ ਤੌਰ 'ਤੇ ਟਾਲੀ ਨਹੀਂ ਜਾਣੀ ਚਾਹੀਦੀ। ਪਰ ਹੇਠਲੀਆਂ ਅਦਾਲਤਾਂ ਇਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੀਆਂ। ਸਿਸੋਦੀਆਂ ਹੇਠਲੀ ਅਦਾਲਤ ਤੋਂ ਜ਼ਿਲਾ ਅਦਾਲਤ, ਹਾਈ ਕੋਰਟ ਤੇ ਫਿਰ ਸੁਪਰੀਮ ਕੋਰਟ ਪੁੱਜੇ। ਪਰ ਕੀ ਸਧਾਰਨ ਆਦਮੀ ਆਪਣੀ ਜਮਾਨਤ ਕਰਾਉਣ ਲਈ ਇੰਨੇ ਯਤਨ ਕਰ ਸਕਦਾ ਹੈ ? ਕੀ ਉਹ ਇੰਨੀਆਂ ਅਦਾਲਤਾਂ 'ਚ ਜਾ ਸਕਦਾ ਹੈ ? ਕੀ ਇੰਨੇ ਯਤਨ ਜੁੱਟਾ ਸਕਦਾ ਹੈ, ਜੋ ਸਿਸੋਦੀਆਂ ਜਾਂ ਉਸਦੀ ਪਾਰਟੀ ਨੇ ਜੁਟਾਏ ?ਸਿਸੋਦੀਆਂ ਜਿਹੜਾ ਲੋਕਾਂ ਵਲੋਂ ਚੁਣਿਆ ਨੁਮਾਇੰਦਾ ਸੀ, ਵਰਗਾ ਜ਼ੁੰਮੇਵਾਰ ਵਿਅਕਤੀ ਜੇਲ੍ਹ ਵਿੱਚ ਰਹਿਣ ਲਈ ਮਜ਼ਬੂਰ ਹੋਇਆ। ਜੇਕਰ ਉਸਦਾ ਕੇਸ ਅਦਾਲਤ ਵਿੱਚ ਨਿਪਟਾਉਣ ਉਪਰੰਤ ਉਸਨੂੰ ਸਜ਼ਾ ਨਹੀਂ ਹੁੰਦੀ ਤਾਂ ਇਹ 17 ਮਹੀਨੇ ਜੋ ਉਸਨੇ ਜੇਲ੍ਹ ਵਿੱਚ ਕੱਟੇ ਹਨ, ਉਸਦਾ ਹਿਸਾਬ ਕੌਣ ਦੇਵੇਗਾ ? ਲੱਖਾਂ ਵਿਅਕਤੀ ਅੱਜ ਭਾਰਤੀ ਜੇਲ੍ਹਾਂ 'ਚ ਸੜ ਰਹੇ ਹਨ। ਬਿਨ੍ਹਾਂ ਸਜ਼ਾ ਤੋਂ ਸਜ਼ਾ ਭੁਗਤ ਰਹੇ ਹਨ। ਦਿੱਲੀ ਆਬਕਾਰੀ ਮਾਮਲੇ ਵਿੱਚ ਸਤੇਂਦਰ ਜੈਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜੇਲ੍ਹ ਦੀਆਂ ਸਲਾਖ਼ਾਂ ਪਿੱਛੇ ਹਨ। ਜਮਾਨਤ ਦੀ ਉਡੀਕ ਕਰ ਰਹੇ ਹਨ। ਸੰਸਦ ਮੈਂਬਰ ਸੰਜੇ ਸਿੰਘ ਵੀ ਜ਼ੇਲ੍ਹ 'ਚ ਡੱਕੇ ਗਏ। ਭਾਰਤੀ ਸੈਨਾ ਦੀ ਜ਼ਮੀਨ ਘੁਟਾਲੇ 'ਚ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੁਰੇਨ ਨੂੰ ਵੀ ਪੰਜ ਮਹੀਨੇ ਜੇਲ੍ਹ 'ਚ ਧੱਕਿਆ, ਰੱਖਿਆ ਗਿਆ। ਹੁਣ ਉਹ ਜਮਾਨਤ 'ਤੇ ਹੈ।

ਬੇਸ਼ਕ ਜਮਾਨਤ ਦੇਣ ਦਾ ਭਾਵ ਇਹ ਨਹੀਂ ਕਿ ਵਿਅਕਤੀ ਦੋਸ਼ ਮੁਕਤ ਹੋ ਗਿਆ ਹੈ। ਪਰ ਬਿਨ੍ਹਾਂ ਕਾਰਨ ਜੇਲ੍ਹ 'ਚ ਕਿਸੇ ਨੂੰ ਵੀ ਬੰਦ ਰੱਖਣਾ ਕਤਈ ਵੀ ਜਾਇਜ਼ ਨਹੀਂ, ਸਿਰਫ਼ ਇਸ ਸ਼ੱਕ ਦੀ ਵਜਹ ਕਾਰਨ ਕਿ ਇਸ ਨੇ ਦੋਸ਼ ਕੀਤਾ ਹੈ। ਇਸ ਤਰ੍ਹਾਂ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਬੰਦ ਰੱਖਣਾ ਜੇਲ੍ਹ ਸਜ਼ਾ ਦੇਣ ਦੇ ਤੁਲ ਹੈ। ਕੀ ਇਸ ਨੂੰ ਜਾਇਜ਼ ਮੰਨਿਆ ਜਾਏਗਾ ?

ਇਸ ਸਬੰਧ ਵਿੱਚ ਸੂਬਿਆਂ ਦੀ ਪੁਲਿਸ, ਵਿਜੀਲੈਂਸ, ਕੇਂਦਰ ਦੀਆਂ ਏਜੰਸੀਆਂ ਈ.ਡੀ., ਸੀ.ਬੀ.ਆਈ., ਆਮਦਨ ਕਰ ਵਿਭਾਗ ਆਦਿ ਬਿਨ੍ਹਾਂ ਵਜਹ ਲੋਕਾਂ ਨੂੰ ਜੇਲ੍ਹੀਂ ਡੱਕਣ ਦੇ ਜ਼ੁੰਮੇਵਾਰ ਤਾਂ ਗਿਣੇ ਹੀ ਜਾਂਦੇ ਹਨ, ਪਰ ਅਦਾਲਤਾਂ ਵੀ ਜ਼ੁੰਮੇਵਾਰ ਹਨ, ਕਿਉਂਕਿ ਅਦਾਲਤਾਂ 'ਚ ਕੇਸ ਲੰਮੇ ਸਮੇਂ ਤੋਂ ਅਟਕੇ ਰਹਿੰਦੇ ਹਨ। ਪੇਸ਼ੀ-ਦਰ-ਪੇਸ਼ੀ ਹੋਈ ਜਾਂਦੀ ਹੈ। ਕਦੇ ਕਾਗਜ਼ ਪੂਰੇ ਨਹੀਂ ਹੁੰਦੇ। ਦੋਸ਼ ਘੜੇ ਨਹੀਂ ਜਾਂਦੇ। ਗਵਾਹ ਪੂਰੇ ਨਹੀਂ ਹੁੰਦੇ। ਫਿਰ ਗਵਾਹ ਮੁੱਕਰ ਜਾਂਦੇ ਹਨ ਅਤੇ ਇਹ ਸਿਲਸਿਲਾ ਲਗਾਤਾਰ ਵਿਅਕਤੀ ਨੂੰ ਜੇਲ੍ਹਾਂ 'ਚ ਡੱਕੀ ਰੱਖਣ ਦਾ ਕਾਰਨ ਬਣਦਾ ਜਾਂਦਾ ਹੈ। ਜਿਥੇ ਇਹ ਹਾਕਮਾਂ ਲਈ ਆਪਣੇ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਦਾ ਹਥਿਆਰ ਹੈ, ਉਥੇ ਪਿੰਡਾਂ, ਸ਼ਹਿਰਾਂ 'ਚ ਆਪਣੇ ਵਿਰੋਧੀਆਂ ਨੂੰ ਪੈਸੇ ਦੇ ਜ਼ੋਰ 'ਤੇ ਪ੍ਰੇਸ਼ਾਨ ਕਰਨ ਦਾ ਹਥਿਆਰ ਵੀ ਬਣਿਆ ਹੋਇਆ ਹੈ।

2023 ਦੇ ਅੰਕੜਿਆਂ ਅਨੁਸਾਰ 5,73,000 ਲੋਕ, ਭਾਰਤੀ ਜੇਲ੍ਹਾਂ ਵਿੱਚ ਹਨ। 2022 ਦੇ ਅੰਕੜੇ ਦੱਸਦੇ ਹਨ ਕਿ ਇਹਨਾ ਵਿਚੋਂ 75 ਫ਼ੀਸਦੀ ਤੋਂ ਵੱਧ ਲੋਕ ਕੇਸ ਭੁਗਤ ਰਹੇ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਵੱਖ-ਵੱਖ ਜੇਲ੍ਹਾਂ ਵਿੱਚ ਵੱਖੋ-ਵੱਖਰੇ ਸੂਬਿਆਂ 'ਚ 5 ਸਾਲ ਤੋਂ ਵੱਧ ਸਮੇਂ ਤੋਂ 11,448 ਲੋਕ ਜੇਲ੍ਹਾਂ 'ਚ ਬੰਦ ਹਨ, ਜਿਹਨਾ ਦੇ ਕੇਸ ਲਟਕੇ ਹੋਏ ਹਨ ਜਾਂ ਜਿਹਨਾ 'ਤੇ ਦੋਸ਼ ਪੱਤਰ ਹੀ ਜਾਰੀ ਨਹੀਂ ਹੋਏ। 3 ਤੋਂ 5 ਸਾਲ ਤੋਂ ਜੇਲ੍ਹਾਂ 'ਚ ਬੰਦ ਇਹੋ ਜਿਹੇ ਵਿਅਕਤੀਆਂ ਦੀ ਗਿਣਤੀ 25,869 ਹੈ ਅਤੇ 2 ਤੋਂ 3 ਸਾਲ ਦੇ ਸਮੇਂ ਤੱਕ 33,980 ਅਤੇ 1 ਤੋਂ 2 ਸਾਲ ਦੇ ਸਮੇਂ ਤੱਕ 63502 ਵਿਅਕਤੀ ਜੇਲ੍ਹਾਂ 'ਚ ਬੰਦ ਹਨ। ਇਹ ਜੇਲ੍ਹਾਂ 'ਚ ਬੰਦ ਲੋਕ ਸਜ਼ਾ ਵਾਲੇ ਕੈਦੀ ਨਹੀਂ। ਸਿਰਫ਼ ਜੇਲ੍ਹਾਂ 'ਚ ਬੈਠਾਏ ਹੋਏ ਉਹ ਲੋਕ ਹਨ, ਜਿਹਨਾ ਦੇ ਕੇਸ ਅਦਾਲਤਾਂ 'ਚ ਲਟਕੇ ਹੋਏ ਹਨ। ਜੂਨ 2024 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ 5 ਕਰੋੜ ਤੋਂ ਵੱਧ ਕੇਸ ਲਟਕੇ ਹੋਏ ਹਨ ਅਤੇ ਇਸ ਗੱਲ 'ਤੇ ਕੋਈ ਹੈਰਾਨੀ ਨਹੀਂ ਹੈ ਕਿ ਅਠਾਰਾਂ ਲੱਖ ਕੇਸ ਭਾਰਤੀ ਅਦਾਲਤਾਂ ਫੌਜਦਾਰੀ, ਜ਼ਮੀਨੀ ਆਦਿ ਕੇਸ ਪਿਛਲੇ 30 ਸਾਲਾਂ ਤੋਂ ਫ਼ੈਸਲਿਆਂ ਦੀ ਉਡੀਕ ਵਿੱਚ ਹਨ।

2018 ਦੇ ਨੀਤੀ ਆਯੋਗ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਸਾਡੀਆਂ ਅਦਾਲਤਾਂ 'ਚ ਜਿੰਨੇ ਕੇਸ ਲੰਬਿਤ ਪਏ ਹਨ, ਉਹਨਾ ਨੂੰ ਜੇਕਰ ਹੁਣ ਵੀ ਰਫ਼ਤਾਰ ਨਾਲ ਨਿਪਟਾਇਆ ਜਾਂਦਾ ਹੈ ਤਾਂ ਇਸ ਤੇ 324 ਸਾਲ ਲੱਗਣਗੇ। ਅਦਾਲਤਾਂ 'ਚ ਦੇਰੀ ਹੋਣ ਨਾਲ ਪੀੜਤ ਅਤੇ ਦੋਸ਼ੀ ਦੋਨੋਂ ਨਿਆਂ ਤੋਂ ਵਿਰਵੇ ਰਹਿੰਦੇ ਹਨ। ਅਪ੍ਰੈਲ 2022 ਵਿੱਚ ਬਿਹਾਰ ਰਾਜ ਦੀ ਇੱਕ ਅਦਾਲਤ ਨੇ 28 ਸਾਲ ਜੇਲ੍ਹ ਵਿੱਚ ਕੱਟਣ ਤੋਂ ਬਾਅਦ, ਸਬੂਤਾਂ ਦੇ ਨਾ ਮਿਲਣ ਕਾਰਨ ਇੱਕ ਦੋਸ਼ੀ ਨੂੰ ਬਰੀ ਕਰ ਦਿੱਤਾ। ਉਹ 28 ਸਾਲ ਦੀ ਉਮਰ 'ਚ ਜੇਲ੍ਹ ਗਿਆ ਤੇ ਬਰੀ ਹੋਣ ਵੇਲੇ ਉਸਦੀ ਉਮਰ 56 ਸਾਲ ਹੋ ਗਈ। 28 ਸਾਲ ਦਾ ਹਿਸਾਬ ਕੌਣ ਦੇਵੇਗਾ ?

ਇਹਨਾ ਅਦਾਲਤੀ ਕੇਸਾਂ ਵਿੱਚ ਉਹ ਫੌਜਦਾਰੀ ਕੇਸ ਵੀ ਸ਼ਾਮਲ ਹਨ, ਜਿਹੜੇ ਦੇਸ਼ ਦੇ ਕਾਨੂੰਨ ਘੜਿਆਂ ਭਾਵ ਮੈਂਬਰ ਪਾਰਲੀਮੈਂਟ, ਵਿਧਾਨ ਸਭਾਵਾਂ ਉਤੇ ਵੀ ਦਰਜ਼ ਹਨ, ਭਾਵੇਂ ਕਿ ਦੇਸ਼ ਦੀ ਸੁਪਰੀਮ ਕੋਰਟ ਇਹਨਾ ਕੇਸਾਂ ਦੇ ਨਿਪਟਾਰੇ ਲਈ ਕਈ ਵੇਰ ਹੇਠਲੀਆਂ ਅਦਾਲਤਾਂ ਨੂੰ ਆਦੇਸ਼ ਦੇ ਚੁੱਕੀ ਹੈ। ਉਹਨਾ ਵਿਚੋਂ ਬਹੁਤੇ ਜਮਾਨਤਾਂ 'ਤੇ ਹਨ।

ਜੇਲ੍ਹਾਂ ਵਿੱਚ ਬੰਦ ਸਿਆਸੀ ਨੇਤਾਵਾਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਦੇ ਕੇਸਾਂ ਦੇ ਨਿਪਟਾਰੇ ਕਰਨ ਲਈ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ। ਕਈ ਬੁੱਧੀਜੀਵੀਆਂ ਨੂੰ ਲੰਮਾਂ ਸਮਾਂ ਜੇਲ੍ਹ 'ਚ ਰੱਖਕੇ ਜਮਾਨਤਾਂ ਦਿੱਤੀਆਂ ਗਈਆਂ, ਕਈਆਂ ਤੇ ਝੂਠੇ ਕੇਸ ਪਾਏ ਗਏ। ਭਾਸ਼ਨਾਂ ਦੇ ਅਧਾਰ 'ਤੇ ਪ੍ਰਸਿੱਧ ਲੇਖਿਕਾ ਅਰੁਨਧਤੀ ਰਾਏ ਅਤੇ ਪ੍ਰੋ: ਸ਼ੇਖ ਸ਼ੌਕਤ ਹੁਸੈਨ ਖਿਲਾਫ਼ ਦਰਜ ਕੀਤੇ 2010 ਦੇ ਕੇਸ ਵਿੱਚ ਯੂ.ਏ.ਪੀ.ਏ. ਦੀਆਂ ਧਾਰਾਵਾਂ ਤਹਿਤ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦਿੱਤੀ ਗਈ ਹੈ। ਨਰਮਦਾ ਡੈਮ ਦੇ ਉਜਾੜੇ ਅਤੇ ਆਦਿਵਾਸੀ ਲੋਕਾਂ ਦੇ ਹੱਕਾਂ ਲਈ ਲੜਨ ਵਾਲੀ ਸਮਾਜਿਕ ਕਾਰਕੁਨ ਮੇਧਾ ਪਾਟੇਕਰ 'ਤੇ ਪਹਿਲੀ ਜੁਲਾਈ 2024 ਨੂੰ 23 ਸਾਲ ਪੁਰਾਣੀ ਸ਼ਿਕਾਇਤ ਨੂੰ ਅਧਾਰ ਬਣਾ ਕੇ ਕੋਈ ਸਬੂਤ ਪੇਸ਼ ਕੀਤੇ ਬਗੈਰ 5 ਮਹੀਨੇ ਸਜ਼ਾ ਤੇ 10 ਲੱਖ ਰੁਪਏ ਜ਼ੁਰਮਾਨਾ ਕਰਕੇ ਮਾਣਹਾਨੀ ਕੇਸ ਨੂੰ ਫੌਜ਼ਦਾਰੀ ਜ਼ੁਰਮ ਬਣਾਉਣ ਵੱਲ ਕਦਮ ਪੁੱਟ ਲਿਆ ਗਿਆ। ਇਸ ਕਿਸਮ ਦਾ ਵਰਤਾਰਾ ਸਿਆਸੀ ਵਿਰੋਧੀਆਂ, ਸਮਾਜਿਕ ਕਾਰਕੁੰਨਾਂ (ਜੋ ਹਾਕਮ ਧਿਰ ਦੀ ਭੈੜੀਆਂ ਨੀਤੀਆਂ ਦਾ ਪਾਜ ਉਭਾਰਦੇ ਹਨ), ਦੀ ਆਵਾਜ਼ ਬੰਦ ਕਰਨ ਲਈ ਕੀਤਾ ਜਾ ਰਿਹਾ ਹੈ।

ਪਿਛਲੇ ਦਿਨੀ ਜੋ ਤਿੰਨ ਫੌਜਦਾਰੀ ਕਾਨੂੰਨ ਪਾਸ ਹੋਏ ਹਨ, ਉਹ ਦੇਸ਼ ਵਿੱਚ ਪਹਿਲੀ ਜੁਲਾਈ ਤੋਂ ਲਾਗੂ ਹੋਏ ਹਨ। ਇਹ ਨਵੇਂ ਫੌਜਦਾਰੀ ਕਾਨੂੰਨ ਇਨਸਾਫ ਦੇ ਪ੍ਰਬੰਧ ਵਿੱਚ ਪੁਲਿਸ ਦੇ ਅਧਿਕਾਰਾਂ ਵਿੱਚ ਅਥਾਹ ਵਾਧਾ ਕਰਦੇ ਹਨ। ਇਸ ਨਾਲ ਪੁਲਿਸ ਰਾਜ ਵਧੇਗਾ। ਪੁਲਿਸ ਰਾਹੀਂ ਹਾਕਮ 'ਦੇਸ਼ ਧ੍ਰੋਹ' ਦੇ ਮੁਕੱਦਮੇ ਦਰਜ਼ ਕਰਨਗੇ। ਕਿਸਾਨਾਂ ਮਜ਼ਦੂਰਾਂ ਅਤੇ ਹੋਰ ਸੰਘਰਸ਼ਸ਼ੀਲ ਤਬਕਿਆਂ ਵਲੋਂ ਹੜਤਾਲਾਂ, ਸੜਕਾਂ ਤੇ ਰੇਲਾਂ ਰੋਕਣੀਆਂ ਆਦਿ ਦੀਆਂ ਕਾਰਵਾਈਆਂ ਨੂੰ ਸਖਤੀ ਨਾਲ ਦਬਾਉਣ ਦੀ ਤਾਕਤ ਪੁਲਿਸ ਕੋਲ ਵਧੇਰੇ ਹੋ ਜਾਏਗੀ। ਵਧੇਰੇ ਲੋਕ ਜੇਲ੍ਹੀਂ ਡੱਕੇ ਜਾਣਗੇ। ਪੁਲਿਸ ਹਿਰਾਸਤ ਜਿਹੜੀ ਪਹਿਲਾਂ ਸਿਰਫ਼ 15 ਦਿਨ ਹੁੰਦੀ ਸੀ ਤੇ ਬਾਅਦ 'ਚ ਉਸਨੂੰ ਅਦਾਲਤੀ ਹਿਰਾਸਤ ਭੇਜਣ ਜਾਂ ਜਮਾਨਤ ਮਿਲਣ ਦਾ ਪ੍ਰਾਵਧਾਨ ਹੁੰਦਾ ਸੀ, ਉਹ ਸੱਤ ਸਾਲਾਂ ਦੀ ਸਜ਼ਾ ਵਾਲੇ ਜ਼ੁਰਮਾਂ ਵਿੱਚ 60 ਦਿਨ ਅਤੇ ਇਸ ਤੋਂ ਵੱਧ ਵਾਲੇ ਜ਼ੁਰਮਾਂ ਵਿੱਚ 90 ਦਿਨ ਤੱਕ ਵਧਾ ਦਿੱਤੀ ਗਈ। ਪੁਲਿਸ ਹਿਰਾਸਤ ਮਿਲਣ 'ਤੇ ਜਮਾਨਤ ਰੱਦ ਹੋਣਾ ਵੀ ਇਕ ਆਮ ਜਿਹੀ ਗੱਲ ਬਣ ਜਾਵੇਗੀ।

ਇਸ ਸਭ ਕੁਝ ਦਾ ਸਿੱਟਾ ਇਹ ਨਿਕਲੇਗਾ ਕਿ ਵਧੇਰੇ ਵਿਅਕਤੀ, ਬਿਨ੍ਹਾਂ ਸਜ਼ਾ ਤੋਂ ਜਮਾਨਤ ਦੇ ਸਮੇਂ 'ਚ ਬੇਲੋੜੀ ਸਜ਼ਾ ਭੁਗਤਣਗੇ ਅਤੇ ਸਿਆਸੀ ਸਾਜਿਸ਼ਾਂ ਦਾ ਸ਼ਿਕਾਰ ਹੋਕੇ ਰਹਿ ਜਾਣਗੇ। ਸਿੱਟੇ ਵਜੋਂ ਲੋਕਾਂ 'ਚ ਰੋਹ ਪੈਦਾ ਹੋਏਗਾ। ਸਿਆਸੀ ਸ਼ਰੀਕੇਵਾਜੀ ਵਧੇਗੀ।

ਭਾਰਤੀ ਇਨਸਾਫ਼ ਦਾ ਸਿਸਟਮ ਸਿਆਸੀ ਲੋਕਾਂ ਦੀ ਖੁਦਗਰਜ਼ੀ ਨਾਲ ਚਰਮਰਾ ਗਿਆ ਹੈ। ਇਹ ਕੁਦਰਤੀ ਇਨਸਾਫ ਦੇ ਮਾਪਦੰਡਾਂ ਤੋਂ ਦੂਰ ਚਲੇ ਗਿਆ ਹੈ।

ਜਮਹੂਰੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗਕੇ ਹਕੂਮਤ ਕਰਨ ਦੀ ਪ੍ਰਵਿਰਤੀ ਨੇ ਦੇਸ਼ 'ਚ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵੱਲ ਕਦਮ ਵਧਾਏ ਹਨ। ਲੋਕਾਂ ਦੀਆਂ ਆਸਥਾਵਾਂ ਜਾਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਜਦੋਂ ਹਾਕਮ ਪ੍ਰਗਟਾਵੇ ਦੀ ਆਜ਼ਾਦੀ ਉਤੇ ਸੱਟ ਮਾਰਦਾ ਹੈ ਤਾਂ ਉਹ ਪਹਿਲਾਂ ਲੇਖਕਾਂ, ਬੁੱਧੀਜੀਵੀਆਂ ਅਤੇ ਫਿਰ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਸਥਾਪਤੀ ਦੇ ਹਰ ਤਰ੍ਹਾਂ ਦੇ ਵਿਰੋਧ ਦੀ ਨੀਤੀ, ਹਾਕਮ ਧਿਰ ਦੀਆਂ ਡਿਕਟੇਟਰਾਨਾ ਰੁਚੀਆਂ ਦੀ ਪ੍ਰਤੀਕ ਬਣਦੀ ਹੈ। ਤਦੇ ਲੋਕ ਉਸਦੇ ਤਸ਼ੱਦਦ, ਜ਼ੁਲਮ ਦਾ ਸ਼ਿਕਾਰ ਬਣਦੇ ਹਨ, ਜੇਲ੍ਹੀਂ ਡੱਕੇ ਜਾਂਦੇ ਹਨ। ਪੁਲਿਸ ਪ੍ਰਾਸ਼ਾਸ਼ਨ ਦੇ ਧੱਕੇ ਦਾ ਸ਼ਿਕਾਰ ਹੁੰਦੇ ਹਨ। ਇਨਸਾਫ ਦਾ ਤਕਾਜ਼ਾ ਹੈ ਕਿ ਹਰ ਸ਼ਹਿਰੀ ਨੂੰ ਇਨਸਾਫ਼ ਮਿਲੇ। ਦੋਸ਼ੀ ਨੂੰ ਸਜ਼ਾ ਮਿਲੇ। ਬੇਦੋਸ਼ੇ ਬਿਨ੍ਹਾਂ ਵਜਹ ਜੇਲ੍ਹੀਂ ਨਾ ਡੱਕੇ ਜਾਣ।

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਬਣਾਈ ਰੱਖਣਾ ਸਿੱਖ ਪੰਥ ਦੀ ਜ਼ਿੰਮੇਵਾਰੀ




ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਿੱਖ ਜਗਤ ਲਈ ਸਰਵੋਤਮ ਪਵਿਤਰ ਸਥਾਨ ਹੈ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਪੀਰੀ ਤੇ ਮੀਰੀ ਦੇ ਸਥਾਨ ਦੀ ਸਥਾਪਨਾ ਸਿਆਸੀ ਜ਼ਬਰ ਤੇ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ, ਸਿੱਖ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ, ਅਧਿਆਤਮਿਕ ਅਗਵਾਈ ਤੇ ਰਾਜਨੀਤਕ ਪ੍ਰਭੁਸਤਾ ਹਾਸਲ ਕਰਨ ਲਈ ਕੀਤੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਪੰਥਕ ਕੇਂਦਰ ਵਜੋਂ ਅਕਾਲ ਬੁੰਗੇ ਦੇ ਰੂਪ ਵਿੱਚ ਹੋਈ ਸੀ। ਪੀਰੀ/ਧਰਮ ਅਤੇ ਮੀਰੀ/ਸਿਆਸਤ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਪੀਰੀ/ਧਰਮ ਪਹਿਲਾਂ ਰੱਖਿਆ ਤੇ ਮੀਰੀ/ਸਿਆਸਤ ਬਾਦ ਵਿੱਚ। ਬਾਅਦ ਵਿੱਚ ਇਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਾਮ ਦਿੱਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਐਕਟ 1925 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜ਼ਿਕਰ ਨਹੀਂ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸਿੱਖ ਧਰਮ ਦੇ ਅਨੁਆਈਆਂ ਭਾਵ ਸਿੱਖਾਂ ਦਾ ਮਾਰਗ ਦਰਸ਼ਨ ਕਰਨਾ ਹੁੰਦਾ ਹੈ। ਜਿਹੜੇ ਸਿੱਖ, ਸਿੱਖ ਧਰਮ ਦੀ ਵਿਚਾਰਧਾਰਾ, ਪਰੰਪਰਾਵਾਂ ਅਤੇ ਰਹਿਤ ਮਰਿਆਦਾ ਦੀ ਉਲੰਘਣਾ ਕਰਨ, ਉਨ੍ਹਾਂ ਨੂੰ ਸਿੱਖ ਪੰਥ ਵਿੱਚੋਂ ਛੇਕਣਾ ਪ੍ਰੰਤੂ ਜੇਕਰ ਬਹੁਤੀ ਗੰਭੀਰ ਗ਼ਲਤੀ ਨਹੀਂ ਤਾਂ ਧਾਰਮਿਕ ਤਨਖ਼ਾਹ ਲਗਾ ਕੇ ਮੁੜ ਪੰਥ ਵਿੱਚ ਸ਼ਾਮਲ ਕਰਨਾ ਹੁੰਦਾ ਹੈ। ਗੁਨਾਹ ਮੁਆਫ਼ ਨਹੀਂ ਹੋ ਸਕਦਾ। ਕੋਈ ਸੱਚਾ ਸੁੱਚਾ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਵੰਗਾਰ ਨਹੀਂ ਸਕਦਾ ਅਤੇ ਨਾ ਹੀ ਉਸ ਦੇ ਹੁਕਮਨਾਮੇ/ਗੁਰਮਤੇ ਨੂੰ ਅਣਡਿਠ ਕਰ ਸਕਦਾ ਹੈ। ਸਰਵੋਤਮ ਸ੍ਰੀ ਅਕਾਲ ਤਖ਼ਤ ਸਾਹਿਬ ਹੈ, ਜਥੇਦਾਰ ਉਸਦਾ ਮੁੱਖੀ ਹੁੰਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਬਰਕਰਾਰ ਰੱਖਣਾ ਵੀ ਸਿੱਖ ਸੰਗਤ ਦਾ ਫ਼ਰਜ਼ ਬਣਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਭ ਨਾਲੋਂ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਨ੍ਹਾਂ ਕੋਲ ਆਈਆਂ ਸਿੱਖ ਮਰਿਆਦਾ ਦੀ ਉਲੰਘਣਾ ਸੰਬੰਧੀ ਸ਼ਿਕਾਇਤਾਂ ਬਾਰੇ ਸਿੱਖ ਧਰਮ ਦੀ ਵਿਚਾਰਧਾਰਾ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਨਿਰਪੱਖ ਫ਼ੈਸਲੇ ਕਰਕੇ ਹੁਕਮਨਾਮੇ/ਗੁਰਮਤੇ ਜ਼ਾਰੀ ਕਰਨ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ 1609 ਵਿੱਚ ਨਿਯੁਕਤ ਕੀਤਾ ਸੀ, ਜਿਹੜੇ 1637 ਤੱਕ 28 ਸਾਲ ਇਸ ਪਵਿਤਰ ਅਹੁਦੇ 'ਤੇ ਰਹੇ। ਦੂਜੇ ਜਥੇਦਾਰ ਭਾਈ ਮਨੀ ਸਿੰਘ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਨਿਯੁਕਤ ਕੀਤਾ ਸੀ, ਜਿਹੜੇ 1737 ਤੱਕ 38 ਸਾਲ ਜਥੇਦਾਰ ਰਹੇ। ਉਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ 4 ਜਥੇਦਾਰ ਦਰਬਾਰਾ ਸਿੰਘ, ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਅਕਾਲੀ ਫੂਲਾ ਸਿੰਘ ਤੱਕ ਸਰਬੱਤ ਖਾਲਸਾ ਨਿਯੁਕਤੀ ਕਰਦੀ ਰਹੀ। ਦੋ ਜਥੇਦਾਰ ਹਨੂਮਾਨ ਸਿੰਘ ਅਤੇ ਪਰਹਲਾਦ ਸਿੰਘ ਬੁੱਢਾ ਦਲ ਨੇ ਨਿਯੁਕਤ ਕੀਤੇ ਸਨ। ਤੇਜਾ ਸਿੰਘ ਭੁੱਚਰ ਨੂੰ ਸਰਬਤ ਖਾਲਸਾ ਨੇ 1920 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਤੇ ਉਹ 1921 ਤੱਕ ਇਸ ਅਹੁਦੇ 'ਤੇ ਰਹੇ। ਉਨ੍ਹਾਂ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਕਰਦੀ ਆ ਰਹੀ ਹੈ। ਸਿੱਖ ਸਿਆਸਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਤੋਂ 99 ਸਾਲ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਦੇ 1708 ਵਿੱਚ ਆਉਣ ਤੋਂ ਬਾਅਦ ਆਈ। 1980 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਮਤਿ ਦੇ ਧਾਰਨੀ ਧਾਰਮਿਕ ਗੁਰਮੁੱਖ ਵਿਅਕਤੀਆਂ ਨੂੰ ਨਿਯੁਕਤ ਕੀਤਾ ਜਾਂਦਾ ਸੀ, ਜਿਹੜੇ ਮੰਨੇ ਪ੍ਰਮੰਨੇ ਅਧਿਆਤਮਿਕ ਤੌਰ ਤੇ ਪ੍ਰਮਾਣਤ ਸਿੱਖ ਧਰਮ ਦੇ ਗਿਆਤਾ ਹੁੰਦੇ ਸਨ। 1980 ਤੱਕ ਉਚ ਕੋਟੀ ਦੇ ਜਥੇਦਾਰ ਹੋਣ ਕਰਕੇ ਕੋਈ ਵਾਦਵਿਵਾਦ ਨਹੀਂ ਹੋਇਆ। ਇੱਥੋਂ ਤੱਕ ਕਿ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜੋ ਪੰਜਾਬ ਪ੍ਰਦੇਸ ਕਾਂਗਰਸ ਦੇ ਪ੍ਰਧਾਨ ਵੀ ਸਨ ਅਤੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਾਰੇ ਸਿੱਖ ਜਗਤ ਦਾ ਹੈ ਨਾ ਕਿ ਕਿਸੇ ਇੱਕ ਪਾਰਟੀ ਦਾ, ਸਿੱਖ ਤਾਂ ਸਾਰੀਆਂ ਪਾਰਟੀਆਂ ਵਿੱਚ ਹਨ। ਹਰ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਤ ਹੈ। ਇਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮੁਲਾਜ਼ਮ ਗ੍ਰੰਥੀ ਸਾਹਿਬਾਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਿਯੁਕਤ ਕਰਨਾ ਸ਼ੁਰੂ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਹੋਣਾ ਕੋਈ ਗ਼ਲਤ ਗੱਲ ਨਹੀਂ ਪ੍ਰੰਤੂ ਉਸਦਾ ਨਿਰਪੱਖ ਰਹਿਣਾ ਅਸੰਭਵ ਹੋ ਜਾਂਦਾ ਹੈ ਕਿਉਂਕਿ ਉਨ੍ਹਾਂ ਨੂੰ ਕਿਸੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਧੀਨ ਕੰਮ ਕਰਨਾ ਪੈਂਦਾ ਹੈ। ਕਮੇਟੀ ਤੋਂ ਨੌਕਰੀ ਦੀ ਤਨਖ਼ਾਹ ਲੈਂਦਾ ਹੈ, ਕੁਦਰਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਭਾਵ ਹੇਠ ਰਹੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕਿਸੇ ਦੇ ਅਧੀਨ ਨਹੀਂ ਹੋ ਸਕਦਾ। ਇਸ ਪਵਿਤਰ ਸਥਾਨ ਤੇ ਨਿਯੁਕਤ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਭਾਵ ਅਧੀਨ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿਹੜੇ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਠੋਕੇ ਬਣਨ ਤੋਂ ਇਨਕਾਰ ਕੀਤਾ, ਉਨ੍ਹਾਂ ਨੂੰ ਅਹੁਦਿਆਂ ਤੋਂ ਹਟਾ ਦਿੱਤਾ ਜਾਂਦਾ ਰਿਹਾ। ਇਥੋਂ ਤੱਕ ਕਿ ਕਾਰਜਕਾਰੀ ਭਾਵ ਕੰਮ ਚਲਾਊ ਜਥੇਦਾਰ ਨਿਯੁਕਤ ਕਰਨੇ ਸ਼ੁਰੂ ਕਰ ਦਿੱਤੇ ਤਾਂ ਜੋ ਉਹ ਆਪਣੇ ਹੁਕਮਰਾਨਾ ਦੇ ਹੁਕਮਾ ਦੀ ਪਾਲਣਾ ਕਰਦੇ ਰਹਿਣ। 1952 ਵਿੱਚ ਪਹਿਲੀ ਵਾਰ ਪਰਤਾਪ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਕਟਿੰਗ ਅਰਥਾਤ ਕੰਮ ਚਲਾਊ ਜਥੇਦਾਰ ਲਗਾਇਆ। ਉਸਤੋਂ ਬਾਅਦ 10 ਵਾਰੀ ਹੋਰ ਐਕਟਿੰਗ ਜਥੇਦਾਰ ਨਿਯੁਕਤ ਕੀਤੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲੀ ਦਲ ਆਪਣੀ ਮਰਜ਼ੀ ਅਨੁਸਾਰ ਚਲਾਉਣ ਲੱਗਾ, ਜਦੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਅਕਾਲੀ ਦਲ ਦੀ ਲਾਈਨ ਟੋਅ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਜਥੇਦਾਰ ਟੌਹੜਾ ਨੂੰ ਹੀ ਪ੍ਰਧਾਨਗੀ ਤੋਂ ਹਟਾ ਦਿੱਤਾ ਗਿਆ। ਫਿਰ ਤਾਂ ਪ੍ਰਧਾਨਗੀ ਦੀ ਪਰਚੀ ਦੇ ਦੋਸ਼ ਅਕਾਲੀ ਦਲ ਦੇ ਪ੍ਰਧਾਨ ਦੀ ਜੇਬ ਵਿੱਚੋਂ ਨਿਕਲਣ ਦੇ ਲੱਗਣ ਲੱਗ ਪਏ। ਅਕਾਲ ਤਖ਼ਤ ਦੇ ਦੋ ਜਥੇਦਾਰ ਭਾਈ ਮਨਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਨੂੰ ਵੀ ਸਰਕਾਰੀ ਲਾਈਨ ਟੋਅ ਨਾ ਕਰਨ ਕਰਕੇ ਅਹੁਦਿਆਂ ਤੋਂ ਹਟਾ ਦਿੱਤਾ ਗਿਆ। ਇਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਤੋਂ ਜੋ ਫ਼ੈਸਲੇ ਪੰਥਕ ਹਿੱਤਾਂ ਦੇ ਵਿਰੁੱਧ ਕਰਵਾਏ ਗਏ, ਉਨ੍ਹਾਂ ਨੂੰ ਸਿੱਖ ਸੰਗਤ ਜਾਣਦੀ ਹੈ। ਉਨ੍ਹਾਂ ਵਾਦਵਿਵਾਦ ਵਾਲੇ ਫ਼ੈਸਲਿਆਂ ਤੋਂ ਬਾਅਦ ਅਕਾਲੀ ਦਲ ਵੀ ਹਾਸ਼ੀਏ 'ਤੇ ਚਲਾ ਗਿਆ। ਜਿਸ ਸੋਚ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪੀਰੀ ਤੇ ਮੀਰੀ ਦਾ ਸੰਕਲਪ ਦਿੱਤਾ ਸੀ, ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਤਹਿਸ ਨਹਿਸ ਕਰ ਦਿੱਤਾ। ਸੋਚਣ ਵਾਲੀ ਗੱਲ ਤਾਂ ਇਹੋ ਹੈ ਕਿ ਕੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਜਥੇਦਾਰ ਨਿਰਪੱਖ ਹੋ ਕੇ ਫ਼ੈਸਲੇ ਕਰ ਸਕਦੇ ਹਨ ? ਪੁਰਾਤਨ ਪਰੰਪਰਾ ਅਨੁਸਾਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਰਬੱਤ ਖਾਲਸਾ ਦੁਆਰਾ ਨਿਯੁਕਤ ਕੀਤੇ ਜਾਣੇ ਚਾਹੀਦੇ ਹਨ ਪ੍ਰੰਤੂ ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿਯੁਕਤ ਕਰਨੇ ਹਨ ਤਾਂ ਉਨ੍ਹਾਂ ਲਈ ਕੋਈ ਨਿਯਮ ਬਣਾਉਣੇ ਚਾਹੀਦੇ ਹਨ ਤੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਨਹੀਂ ਹੋਣੇ ਚਾਹੀਦੇ। ਉਨ੍ਹਾਂ ਦੀ ਮਿਆਦ ਨਿਸਚਤ ਹੋਣੀ ਚਾਹੀਦੀ ਹੈ। ਐਕਟਿੰਗ ਜਥੇਦਾਰ ਨਹੀਂ ਹੋਣੇ ਚਾਹੀਦੇ। ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਸਹੀ ਨਿਯਮਾ ਅਨੁਸਾਰ ਕਰਦੀ ਤਾਂ ਸਮਾਨਾਂਤਰ ਜਥੇਦਾਰ ਨਿਯੁਕਤ ਨਹੀਂ ਕਰਨੇ ਪੈਣੇ ਸਨ। ਨਿਰਪੱਖ ਫ਼ੈਸਲਿਆਂ ਲਈ ਨਿਰਪੱਖ ਗੁਰਮੁੱਖ ਗੁਰਮਤਿ ਦੇ ਧਾਰਨੀ ਹੋਣੇ ਚਾਹੀਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਪੰਜ ਤਖ਼ਤਾਂ ਦੇ ਮੁੱਖ ਗ੍ਰੰਥੀਆਂ/ ਜਥੇਦਾਰਾਂ ਨਾਲ ਮੀਟਿੰਗ ਕਰਕੇ ਫ਼ੈਸਲੇ ਕਰਕੇ ਹੁਕਮਨਾਮੇ /ਗੁਰਮਤੇ ਜ਼ਾਰੀ ਕਰਦੇ ਹਨ ਪ੍ਰੰਤੂ ਬਾਕੀ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਹੁੰਦੇ ਹਨ। ਸਿੱਖ ਧਰਮ ਦੇ 5 ਤਖ਼ਤ ਹਨ, ਜਿਨ੍ਹਾਂ ਦੇ ਮੁਖੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀ ਅਗਵਾਈ ਵਿੱਚ ਫ਼ੈਸਲੇ ਕਰਕੇ ਹੁਕਮਨਾਮੇ /ਗੁਰਮਤੇ ਜ਼ਾਰੀ ਕਰਦੇ ਹਨ। ਉਨ੍ਹਾਂ ਦੇ ਫ਼ੈਸਲੇ ਕਦੀਂ ਵੀ ਨਿਰਪੱਖ ਹੋਣ ਦੀ ਸੰਭਾਵਨਾ ਨਹੀਂ ਹੁੰਦੀ ਕਿਉਂਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਤਨਖ਼ਾਹ ਲੈਂਦੇ ਹਨ। ਸਿੱਖ ਸੰਗਤ ਨੂੰ ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਪਤਾ ਲੱਗਿਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਮੁਖੀਆਂ ਨੂੰ ਮੁੱਖ ਮੰਤਰੀ ਦੀ ਕੋਠੀ ਚੰਡੀਗੜ੍ਹ ਬੁਲਾਕੇ ਰਾਮ ਰਹੀਮ ਨੂੰ ਮੁਆਫੀ ਦੇਣ ਲਈ ਕਿਹਾ ਗਿਆ ਸੀ। ਉਸ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਅਹੁਦੇ ਦੀ ਤੌਹੀਨ ਹੋਈ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਿਰਸਾ ਡੇਰੇ ਦੇ ਮੁਖੀ ਰਾਮ ਰਹੀਮ ਨੂੰ ਬਿਨਾ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋਇਆਂ ਹੀ ਮੁਆਫ਼ੀ ਦੇਣਾ ਸਿੱਖਾਂ ਦੇ ਜ਼ਖ਼ਮਾ 'ਤੇ ਲੂਣ ਛਿੜਕਣ ਦੇ ਬਰਾਬਰ ਸੀ। ਵੈਸੇ ਰਾਮ ਰਹੀਮ ਤਾਂ ਸਿੱਖ ਹੀ ਨਹੀਂ, ਉਸ ਨੂੰ ਤਖ਼ਤ 'ਤੇ ਬੁਲਾਇਆ ਹੀ ਨਹੀਂ ਜਾ ਸਕਦਾ, ਮੁਆਫ਼ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਹੁਕਮਨਾਮੇ / ਗੁਰਮਤੇ ਵਾਪਸ ਲਏ ਹੀ ਨਹੀਂ ਜਾ ਸਕਦੇ। ਇਥੇ ਹੀ ਬਸ ਨਹੀਂ ਸ੍ਰੀ ਅਕਾਲ ਤਖ਼ਤ ਦੇ ਫ਼ੈਸਲੇ ਨੂੰ ਜਾਇਜ਼ ਸਾਬਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 90 ਲੱਖ ਰੁਪਏ ਦੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣਾ ਇਹ ਸਾਬਤ ਕਰਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਹਿਣ 'ਤੇ ਹੋਇਆ ਸੀ। ਜੇਕਰ ਸ੍ਰੀ ਅਕਾਲ ਤਖ਼ਤ ਦਾ ਇਹ ਫ਼ੈਸਲਾ ਸਹੀ ਸੀ ਤਾਂ ਫਿਰ ਸਿੱਖ ਸਿੱਖ ਸੰਗਤਾਂ ਦੇ ਵੱਡੇ ਪੱਧਰ 'ਤੇ ਕੀਤੇ ਗਏ ਵਿਰੋਧ ਤੋਂ ਬਾਅਦ ਵਾਪਸ ਕਿਉਂ ਲਿਆ ਗਿਆ ? ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਦਾ ਭਾਵ ਇਹ ਸੀ ਕਿ ਰਾਜਨੀਤਕ ਤਾਕਤ ਦੀ ਛਤਰਛਾਇਆ ਹੇਠ ਸਿੱਖ ਧਰਮ ਪ੍ਰਫੁਲਤ ਹੋਵੇਗਾ ਪ੍ਰੰਤੂ ਰਾਜਨੀਤਕ ਲੋਕਾਂ ਵੱਲੋਂ ਅਜਿਹੇ ਫ਼ੈਸਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਭਾਵਨਾ ਦੇ ਉਲਟ ਕਰਕੇ ਉਹ ਲੋਕ ਕੀ ਇਹ ਸਾਬਤ ਕਰਨਾ ਚਾਹੁੰਦੇ ਹਨ ਕਿ ਰਾਜਨੀਤਕ ਲੋਕ ਸਿੱਖ ਧਰਮ ਦੀਆਂ ਪਰੰਪਰਾਵਾਂ ਨੂੰ ਟਿੱਚ ਸਮਝਦੇ ਹਨ ? ਮਾਸਟਰ ਤਾਰਾ ਸਿੰਘ ਦੇ ਸਮੇਂ ਤੱਕ ਸਿਆਸਤਦਾਨਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਦੇ ਕੰਮ ਵਿੱਚ ਦਖ਼ਅੰਦਾਜ਼ੀ ਨਹੀਂ ਹੋਈ। ਇੱਕ ਕਿਸਮ ਨਾਲ ਰਾਜਨੀਤਕ ਲੋਕ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ। ਸਾਰੀ ਵਿਚਾਰ ਚਰਚਾ ਤੋਂ ਬਾਅਦ ਇਹ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਸੋਚ ਤੇ ਕਾਰਜਸ਼ੈਲੀ ਵਿੱਚ ਤਬਦੀਲੀ ਕਰਨ ਦੀ ਲੋੜ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਬਰਕਰਾਰ ਰੱਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਦੀ ਪ੍ਰਣਾਲੀ ਬਣਾਉਣੀ ਚਾਹੀਦੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੋਣਾ ਚਾਹੀਦਾ ਤੇ ਉਹ ਸਮੁੱਚੀ ਸਿੱਖ ਸੰਗਤ ਨੂੰ ਜਵਾਬਦੇਹ ਹੋਵੇਗਾ ਨਾ ਕਿ ਸਿਆਸਤਦਾਨਾ ਨੂੰ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022, 780 599 2000
Email: sukhdevdhanoa@gmail.com


Edmonton
Parminder Singh Balluana
+1 (204) 930-3030
780 599 2000
Email: balluana.parminder@gmail.com


Regina
Gurbinder Singh Gagowal
306 520 4313, 639 999 1000
Email: gur.gago@gmail.com


Saskatoon
Rishi Joshi
639 742 1200
639 999 1000
Rishijoshi1990 @hotmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਆੜ੍ਹਾ ਅੰਬ ਤੋਂ ਬਿਨਾਂ ਭਲਾਂ ਹੋਰ ਵੀ ਕੁੱਝ ਹੁੰਦਾ ਐ !



ਇੱਕ ਦੂਜੇ ਦੇ ਬਰਾਬਰ, ਸਮਾਨ ਜਾਂ ਇਕੋ ਜਿਹੇ ਅਰਥ ਰੱਖਣ ਵਾਲ਼ੇ ਸ਼ਬਦਾਂ ਨੂੰ ਸਮਾਨਾਰਥਕ ਸ਼ਬਦ ਕਿਹਾ ਜਾਂਦਾ ਹੈ ਭਾਸ਼ਾ ਵਿਗਿਆਨੀਆਂ ਦੇ ਅਨੁਸਾਰ ਭਾਸ਼ਾ ਵਿਗਿਆਨ ਦੇ ਨਿਯਮ ਕਹਿੰਦੇ ਹਨ ਕਿ ਕੋਈ ਸ਼ਬਦ ਕਿਸੇ ਹੋਰ ਸ਼ਬਦ ਦਾ ਬਹੁਤੀ ਵਾਰੀ ਪੂਰਾ ਪੂਰਾ ਸਮਾਨ ਅਰਥਕ ਨਹੀਂ ਹੁੰਦਾ ਪਰ ਫਿਰ ਵੀ ਅਸੀਂ ਬੋਲ ਚਾਲ ਤੇ ਲਿਖਤ ਵਿੱਚ ਅਜਿਹੇ ਸ਼ਬਦਾਂ ਦੀ ਹੋਂਦ ਨੂੰ ਮੰਨ ਲੈਂਦੇ ਹਾਂ। ਅਜਿਹੇ ਸ਼ਬਦ ਵਰਤੋ ਸਮੇਂ ਕਦੇ ਇੱਕ ਦੂਜੇ ਦੇ ਪੂਰੇ ਸਮਾਨ ਅਰਥ ਤੇ ਕਦੇ ਨੇੜੇ ਦੇ ਸਮਾਨ ਅਰਥ ਪ੍ਰਤੀਤ ਹੁੰਦੇ ਹਨ। ਸਾਨੂੰ ਆਪਣੇ ਸ਼ਬਦ ਭੰਡਾਰ ਨੂੰ ਵਧਾਉਣ ਲਈ ਅਜਿਹੇ ਸ਼ਬਦਾਂ ਦੀ ਵੱਧ ਤੋਂ ਵੱਧ ਜਾਣਕਾਰੀ ਹੋਣੀ ਚਾਹੀਦੀ ਹੈ। ਆਓ ਆਪਾਂ ਅਜਿਹੇ ਸ਼ਬਦਾਂ ਦੀ ਸਾਂਝ ਪਾਈਏ। ਅਜਿਹੇ ਸ਼ਬਦਾਂ ਦੀ ਵਰਤੋਂ ਪ੍ਰਸੰਗ ਅਨੁਸਾਰ ਧਿਆਨ ਨਾਲ਼ ਕਰਨੀ ਚਾਹੀਦੀ ਹੈ ਕਿਉਂਕਿ ਇਹਨਾਂ ਦੇ ਅਰਥ ਤਾਂ ਭਾਵੇਂ ਇੱਕੋ ਜਿਹੇ ਲੱਗਦੇ ਹਨ ਪਰ ਇਹ ਵੱਖ ਵੱਖ ਸੰਦਰਭ ਵਿੱਚ ਵੱਖ ਵੱਖ ਵਾਕਾਂ ਵਿੱਚ ਵੱਖ ਵੱਖ ਤਰੀਕੇ ਨਾਲ਼ ਵਰਤੇ ਜਾਂਦੇ ਹਨ। ਇਸ ਅੰਕ ਵਿੱਚ ੳ ਨਾਲ ਸਬੰਧਿਤ ਸ਼ਬਦਾਂ ਬਾਰੇ ਜਾਨਣ ਦੀ ਕੋਸਿਸ਼ ਕਰਦੇ ਹਾਂ

**- ਜਗਤਾਰ ਸਿੰਘ ਸੋਖੀ 91 9417166386**

### *ਅ*

**ਅਸ਼ਆਰ** : ਕਵਿਤਾ।
**ਅਸ਼ਆਰ-ਏ-ਨੌ** : ਨਵੇਂ ਸ਼ੇਅਰ ਜਾਂ ਕਵਿਤਾ।
**ਅਸ਼ਕ** : ਅੱਥਰੂ,ਹੰਝੂ।
**ਅਸਕਰ** : ਸੈਨਾ, ਹਰ ਸ਼ੈਅ ਜਿਹੜੀ ਅਧਿਕ ਹੋਵੇ, ਫ਼ੌਜ, ਰਾਤ ਦਾ ਹਨੇਰਾ।
**ਅਸਕਰੀਯਤ** : ਹਮਲਾ ਕਰਨ ਦੀ ਰੁਚੀ, ਜੰਗ ਪਸੰਦੀ।
**ਅਸਕਾਮ** : ਐਬ, ਖ਼ਰਾਬੀ, ਦੁੱਖ, ਭੈੜ, ਮੁਸੀਬਤਾਂ।
**ਅਸ਼ਕਾਲ** : ਸ਼ਕਲ ਦਾ ਬਹੁਵਚਨ।
**ਅਸਨਾਦ** : ਸਨਦਾਂ, ਡਿਗਰੀਆਂ, ਦਸਤਾਵੇਜ਼, ਦਲੀਲਾਂ, ਪ੍ਰਮਾਣ ਪੱਤਰ।
**ਅਸ.ਫਰ** : ਕੇਸਰੀ, ਜ਼ਰਦ, ਪੀਲ਼ਾ।
**ਅਸ਼.ਫਾਰ** : ਸਿ.ਫਰ ਦਾ ਬਹੁਵਚਨ, ਸਿ.ਫਰਾਂ।
**ਅਸਬਾਤ** : ਪੂਰਾ।
**ਅਸਬਾਬ** : ਸਮਾਨ, ਕਾਰਨ, ਵਜ੍ਹਾ।
**ਅਸ਼ਰਾ** : ਦਸ।
**ਅਸਰਾਨਾ** : ਤੀਜੇ ਪਹਿਰ ਦਾ ਖਾਣਾ।
**ਅਸ਼ਰਾ.ਫ** : ਭਲੇਮਾਣਸ।
**ਅਸ਼ਰੂਨ** : ਦਸ ਦਾ ਬਹੁਵਚਨ, ਵੀਹ
**ਅਸਲ** : ਸ਼ਹਿਦ, ਮਾਖ਼ਿਓਂ।
***ਅਸਲ ਜਮ੍ਹਾਂ*** : ਨਿਰੋਲ ਮਾਲੀਆ।
**ਅਸਲਾਹ** : ਲੜਾਈ ਦੇ ਹਥਿਆਰ (ਤਲਵਾਰ,ਤੋਪ,ਬੰਦੂਕ,ਟੈਂਕ ਤੇ ਹੋਰ ਫ਼ੌਜੀ ਸਮਾਨ)।
**ਅਸਾ ਬਰਦਾਰ** : ਚੋਬਦਾਰ।
**ਅਸਾਸਾ** : ਸਰਮਾਇਆ, ਪੂੰਜੀ, ਮਾਲ।
**ਅਸਾਤੀਰ** : ਆਪ ਘੜੀਆਂ ਗੱਲਾਂ, ਕਹਾਵਤਾਂ।
**ਅਸਾ.ਫਿਲ** : ਹੋਛੇ ਬੰਦੇ, ਨੀਚ ਅਤੇ ਕਮੀਨੇ ਲੋਕ।
**ਅਸਾਮੀ** : ਆਹੁਦਾ,ਸ਼ਾਹੂਕਾਰ ਤੋਂ ਕਰਜ਼ਾ ਲੈਣ ਵਾਲ਼ਾ, ਕਾਸ਼ਤਕਾਰ, ਬੁਨਿਆਦੀ, ਮੁਜ਼ਾਰਾ।
**ਅਸਾਮੀ-ਏ -ਸ਼ਿਕਮੀ** : ਠੇਕੇ ਤੇ ਜ਼ਮੀਨ ਲੈ ਕੇ ਵਾਹੀ ਕਰਨ ਵਾਲ਼ਾ, ਮੁਜ਼ਾਰੇ ਤਹਿਤ ਮੁਜ਼ਾਰਾ।
**ਅਸਾਮੀ-ਏ-.ਗੈਰ ਮੁਸਤਕਿਲ** : ਉਹ ਵਾਹੀਕਾਰ ਜੋ ਪੱਕੇ ਤੌਰ ਤੇ ਵਾਹੀ ਨਾ ਕਰੇ।
**ਅਸਾਮੀ-ਏ-.ਗੈਰ ਮੌਰੂਸੀ** : ਉਹ ਵਾਹੀਕਾਰ ਜਾਂ ਮੁਜ਼ਾਰਾ ਜਿਸ ਨੂੰ ਵਾਹੀ ਕਰਨ ਦਾ ਪੱਕਾ ਹੱਕ ਹਾਸਿਲ ਨਾ ਹੋਵੇ।
**ਅਸਾਮੀ ਬਾਜ਼** : ਅਸਾਮੀਆਂ ਭਾਲਣ ਵਾਲ਼ਾ, ਖ਼ੁਦਗਰਜ਼, ਧੋਖੇਬਾਜ਼।
**ਅਸਾਮੀ-ਏ-ਮੁਸਤਕਿਲ** : ਉਹ ਵਾਹੀਕਾਰ ਜੋ ਦਖ਼ਲ ਦਾ ਹੱਕਦਾਰ ਹੋਵੇ ਤੇ ਪੱਕੇ ਤੌਰ ਤੇ ਵਾਹੀ ਕਰੇ।
**ਅਸਾਮੀ-ਏ -ਮੌਰੂਸੀ** : ਉਹ ਵਾਹੀਕਾਰ ਜਿਸ ਨੂੰ ਜ਼ੱਦੀ ਹੱਕ ਮਿਲਿਆ ਹੋਵੇ।
**ਅਸਾਮੀ-ਤਾਬਿਆ-ਮਰਜ਼ੀ-ਮਾਲਿਕ** : ਮਰਜ਼ੀ ਮੁਤਾਬਕ ਮੁਜ਼ਾਰਾ।
**ਅਸਾਮੀ ਵਾਰ** : ਸਾਮੀਆਂ ਦੇ ਨਾਵਾਂ ਦੀ ਤਰਤੀਬ।
**ਅਸ਼ਿਆਰ** : ਸ਼ਿਅਰ ਦਾ ਬਹੁਵਚਨ।
**ਅਸੀਰ** : ਕੈਦੀ, ਬੰਦੀ।
**ਅਸੀਰੀ**: ਕੈਦ, ਨਜ਼ਰਬੰਦੀ।
**ਅਹਸਾਸ** : ਸਪਰਸ਼।
**ਅਹਜ਼ੂਨ** : ਇਸੇ ਵੇਲ਼ੇ, ਹੁਣੇ, ਤਰੁੰਤ।
**ਅਹਦ** : ਇਕਰਾਰ, ਸਮਾਂ, ਨੇਮ, ਪ੍ਰਤਿੱਗਿਆ, ਵਾਅਦਾ, ਵੇਲ਼ਾ।
**ਅਹਦ-ਏ-ਜਦੀਦ** : ਵਰਤਮਾਨ ਕਾਲ।
**ਅਹਦ ਸ਼ਿਕਨ** : ਇਕਰਾਰ ਤੋੜਨ ਵਾਲ਼ਾ, ਵਾਹਦਾ ਖ਼ਿਲਾ.ਫ।
**ਅਹਦਨਾਮਾ** : ਇਕਰਾਰਨਾਮਾ, ਸੰਧੀ।
**ਅਹਬਾਬ** : ਦੋਸਤ, ਮਿੱਤਰ।
**ਅਹਲ-ਏ-ਸਿਤਮ** : ਅੱਤਿਆਚਾਰ ਕਰਨ ਵਾਲ਼ਿਆਂ ਦਾ ਪ੍ਰਭੁਤਵ।
**ਅਹਲ-ਏ-ਕਿਤਾਬ** : ਕਿਤਾਬ ਵਾਲ਼ੇ।
**ਅਹਲ-ਏ-ਜਹਾਂ** : ਦੁਨੀਆ ਦੇ ਲੋਕ।
**ਅਹਲ-ਏ-ਤਮੰਨਾ** : ਮਤਵਾਲੇ ਆਸ਼ਕ।
**ਅਹਲ-ਏ-ਵਿਰਾਸਤ** : ਵਾਰਸ, ਵਿਰਾਸਤ ਪਾਉਣ ਵਾਲ਼ਾ।
**ਅਹਲੇ-ਏ-ਵਤਨ** : ਦੇਸ਼ ਵਾਸੀ।
**ਅਹਲੇ ਨਜ਼ਰ** : ਪਾਰਖੂ।
**ਅਹਵਾਲ** : ਹਾਲਾਤ।
**ਅਹਾਲੀ** : ਸਾਹਿਬਾਨ, ਵਸਨੀਕ, ਵਾਸੀ।
**ਅਹਿੰਗੇ .ਗਜ਼ਲ** : .ਗਜ਼ਲ ਦਾ ਅਲਾਪ।



**ਅਹਿਬਾਬ** : ਦੋਸਤ, ਯਾਰ।
**ਅਹਿਮ** : ਖ਼ਾਸ, ਜ਼ਰੂਰੀ, ਵਿਸ਼ੇਸ਼।
**ਅਹਿਮਕ** : ਨਾਦਾਨ, ਬੇਵਕੂ.ਫ, ਮੂਰਖ਼।
**ਅਹਿਲ** : ਕਾਬਿਲ, ਯੋਗ।
**ਅਹਿਲਕਾਰ** : ਅਧਿਕਾਰੀ, ਕਰਮਚਾਰੀ, ਕਰਿੰਦਾ।
**ਅਹਿਲੀਅਤ** : ਸਮਝ, ਤਮੀਜ਼, ਲਿਆਕਤ।
**ਅਹੂਦ** : ਮੁਆਹਦੇ, ਵਾਹਦੇ।
**ਅਕਸ** : ਪ੍ਰਛਾਵਾਂ, ਪ੍ਰਤਿਬਿੰਬ, ਫੋਟੋ।
**ਅਕਸ-ਸ਼ਜਰਾ** : ਨਕਸ਼ੇ ਦੀ ਕਾਪੀ।
**ਅਕਦ** : ਕਰਾਰ, ਕੌਲ, ਨਿਕਾਹ, ਬੈਅ, ਵਿਆਹ, ਵੇਚ।
**ਅਕਦਨਾਮਾ** : ਨਿਕਾਹ ਅਤੇ ਸ਼ਾਦੀ ਦਾ ਦਸਤਾਵੇਜ਼।
**ਅਕਰਾਮ** : ਅਨੁਗ੍ਰਹਿ।
**ਅਕਾਇਦ** : ਧਾਰਮਿਕ ਵਿਸ਼ਵਾਸ।
**ਅੱਕਾਸ** : ਫ਼ੋਟੋਗਰਾ.ਫ।
**ਅਕਾਬ** : ਕਸ਼ਟ, ਤਕਲੀ.ਫ, ਦੁੱਖ।
**ਅਕੀਦਤ** : ਈਮਾਨ, ਸ਼ਰਧਾ, ਭਰੋਸਾ।
**ਅਕੀਦਤਮੰਦ** : ਦੀਨਦਾਰ, ਧਰਮੀ।
**ਅਕੀਮ** : ਬਾਂਝ ਮਰਦ ਜਾਂ ਇਸਤਰੀ।
**ਅਕੀਲ** : ਸਿਆਣਾ।
**ਅਖ਼** : ਭਰਾ, ਭਾਈ।
**ਅਖ਼ਜ਼** : ਸਵੀਕਾਰ ਕਰਨਾ, ਸ਼ੁਰੂ ਕਰਨਾ, ਗ੍ਰਹਿਣ ਕਰਨਾ।
**ਅਖ਼ਤਰ** : ਸਿਤਾਰਾ, ਝੰਡਾ, ਤਾਰਾ।
**ਅਖ਼ਬਾਰ** : ਖ਼ਬਰਾਂ ਦਾ ਬਹੁ ਵਚਨ।
**ਅਖ਼ਰਾਜ** : ਖ਼ਾਰਿਜ ਕਰਨਾ।
**ਅਖ਼ਰਾਜ਼ਾਤ** : ਖ਼ਰਚੇ।
**ਅਖ਼ਲਾਕ** : ਅਚਾਰ, ਅਦਾਬ, ਸਿਸ਼ਟਾਚਾਰ, ਚਾਲ ਚਲਨ।
**ਅਖ਼ੀਰਨ** : ਮੁੱਕਦੀ ਗੱਲ।
**ਅਗਰਚੇ** : ਜਦਕਿ।
**ਅਗਾਹ** : ਖ਼ਬਰਦਾਰ, ਜਾਣਕਾਰ, ਵਾਕ.ਫ।
ਅਗਾਜ਼ੇ ਸ.ਫਰ : ਸ.ਫਰ ਦਾ ਅਰੰਭ।
**ਅਗੋਸ਼** : ਗੋਦ।
**ਅੱਜ਼** : ਅੱਯਾਸ਼, .ਗਲਬਾ।
**ਅਜ਼ਹਦ** : ਅਤਿਅੰਤ, ਹੱਕ ਤੋਂ ਵੱਧ, ਬੇਹੱਦ।
**ਅਜਜ਼** : ਨਿਮਰਤਾ।
**ਅਜ਼ਦਹੋ** : ਅਜਗਰ।
**ਅਜ਼ਬ** : ਛੜਾ/ਛੜੀ ਜਿਸ ਦੀ ਸ਼ਾਦੀ ਨਾ ਹੋਈ ਹੋਵੇ।
**ਅਜ਼ਬਰ** : ਚੇਤੇ, ਮੂੰਹ ਜ਼ੁਬਾਨੀ।
**ਅਜ਼ਮ** : ਇਰਾਦਾ, ਸੰਕਲਪ।
**ਅਜ਼ਮ-ਏ-ਸ.ਫਰ** : ਸ.ਫਰ ਦਾ ਇਰਾਦਾ।
**ਅਜ਼ਮਤ** : ਮਹਾਨਤਾ, ਵਡਿਆਈ।
**ਅਜ਼ਮਾਇਸ਼** : ਇਮਤਿਹਾਨ, ਜਾਚ-ਪੜਤਾਲ, ਤਜਰਬਾ, ਪਰਖ਼।
**ਅਜਰ** : ਉਜਰ, ਇਨਾਮ, ਨੇਕ ਕੰਮ ਦਾ ਬਦਲਾ, ਮਜ਼ਦੂਰੀ।
**ਅਜਰ-ਏ-ਜਾਇਜ਼** : ਕਨੂੰਨੀ ਤੌਰ ਤੇ ਜਾਇਜ਼ .ਫੀਸ।
**ਅਜ਼ਰਾਬ** : ਜ਼ਰਬ (ਗੁਣਾ) ਦਾ ਬਹੁਵਚਨ।
**ਅਜਲ** : ਮੌਤ।
**ਅਜਲ-ਏ-ਤਬਈ** : ਸੁਭਾਵਿਕ ਮੌਤ, ਕੁਦਰਤੀ ਮੌਤ।
**ਅਜਲ-ਏ-.ਗੈਰਤਬਈ** : ਅਚਾਨਕ ਮੌਤ, .ਗੈਰ ਕੁਦਰਤੀ ਮੌਤ।
**ਅਜ਼ਲ** : ਅਤਿ ਦਾ ਕਮੀਨਾ, ਅਨਾਦ ਕਾਲ, ਖ਼ਲਕ ਦੇ ਪੈਦਾ ਹੋਣ ਦਾ ਦਿਨ, ਜ਼ਲੀਲ,ਬੇਕਦਰਾ, ਲੁੱਚਾ, ਵਿਧਵਾ ਦੇ ਪੁਨਰ ਵਿਆਹ ਤੇ ਰੋਕ।
**ਅਜ਼ਲਾਅ** : ਜ਼ਿਲ੍ਹੇ, ਤਿਕੋਣਾ, ਰਾਜ ਦੇ ਹਿੱਸੇ।
**ਅਜ਼ਵਾਜ** : ਘਰ ਵਾਲ਼ੀਆਂ,ਜੋੜੀਆਂ,ਤੀਵੀਆਂ।
**ਅਜ਼ਾ** : ਮੁਸੀਬਤ ਸਮੇਂ ਸਬਰ ਕਰਨਾ।
**ਅਜ਼ਾਬ** : ਸੰਕਟ, ਕਸ਼ਟ, ਤਕਲੀ.ਫ, ਤੰਗੀ, ਦੁੱਖ, ਦੋਜ਼ਖ ਦੀ ਸਜ਼ਾ, ਪਾਪਾਂ ਦੀ ਸਜ਼ਾ, ਮੁਸੀਬਤ।
**ਅਜ਼ਾਰਾ** : ਰੋਗ।
**ਅਜੀਜ਼** : ਆਪਣੇ ਤੋਂ ਛੋਟੇ ਲਈ ਵਰਤਿਆ ਜਾਂਦਾ ਹੈ, ਸਾਕ, ਪਿਆਰਾ, ਲਾਡਲਾ।
**ਅਜ਼ੀਮ** : ਸ਼ਾਨਦਾਰ, ਵੱਡਾ, ਵਿਸ਼ਾਲ।
**ਅਜ਼ੀਮਤ** : ਮੰਤਰ।
**ਅਜ਼ੀਯਤ** : ਕਸ਼ਟ।
**ਅਜੂਰਹ** : ਹੱਕ, ਮਿਹਨਤਾਨਾ, ਮੁਆਵਜ਼ਾ।
**ਅਟ** : ਕਣ।
**ਅਤਸ਼** : ਪਿਆਸ।
**ਅਤਣ** : ਤ੍ਰਿੰਞਣ।
**ਅਤ.ਫਾਲ** : ਬੱਚੇ।
**ਅਤਰਾ.ਫ** : ਨੇੜ੍ਹੇ-ਤੇੜੇ।
**ਅਤਾ** : ਇਨਾਮ, ਸਖ਼ਾਵਤ, ਦਾਨ, ਬਖ਼ਸ਼ਿਸ਼।
**ਅਤਿਸ਼** : ਤਿਰਹਾਇਆ, ਪਿਆਸਾ।
**ਅਤੀਕ** : ਸੁਤੰਤਰ, ਪੁਰਾਣਾ, ਬਜ਼ੁਰਗ।
**ਅਤੀਯਾ** : ਇਨਾਮ ਵਜੋਂ ਦਿੱਤੀ ਗਈ ਚੀਜ਼।
**ਅਤੀਯਾ-ਏ-ਸਰਕਾਰ** : ਸਰਕਾਰ ਵੱਲੋਂ ਮਿਲਿਆ ਹੋਇਆ ਇਨਾਮ।
**ਅਦਦ** : ਅੰਕੜਾ, ਸੰਖਿਆ, ਹਿੰਦਸਾ, ਗਿਣਤੀ।
**ਅਦਨਾ** : ਕਮੀਨਾ, .ਗਰੀਬ, ਤੁੱਛ, ਨਿੱਕਾ, ਨੀਵੇਂ ਦਰਜੇ ਦਾ।
**ਅਦਬ** : ਆਦਰ, ਸਤਿਕਾਰ, ਸੱਭਿਆਚਾਰ, ਸਾਹਿਤ, ਸਿਸ਼ਟਾਚਾਰ, ਤਮੀਜ਼, ਮਾਣ, ਲਿਹਾਜ਼।
**ਅਦਮ** : .ਗੈਰ ਹਾਜ਼ਰੀ।
**ਅਦਮ ਅਦਾਇਗੀ** : ਰਕਮ ਵਾਪਸ ਦੇਣ ਤੋਂ ਇਨਕਾਰ।
**ਅਦਮ ਤਸ.ਫੀਯਾ** : .ਫੈਸਲੇ ਦਾ ਨਾ ਹੋਣਾ।
**ਅਦਮ ਪੈਰਵੀ** : ਮੁਕੱਦਮੇ ਦੀ ਪੈਰਵੀ ਨਾ ਕਰਨ ਦਾ ਭਾਵ।
**ਅਦਮ ਮੁਦਾ.ਖ਼ਲਤ** : ਕਿਸੇ ਦੇ ਕੰਮ ਵਿੱਚ ਦਖ਼ਲ ਨਾ ਦੇਣ ਦੀ ਕਿਰਿਆ।
**ਅਦਲ** : ਇਨਸਾ.ਫ।
**ਅਦਲ ਪਰਵਰੀ** : ਇਨਸਾ.ਫ ਪਸੰਦੀ।
**ਅਦਾ** : ਨਾਜ਼-ਨਖਰਾ, ਭੁਗਤਾਨ।
**ਅਦਾਲਤ** : ਅਦਲ ਦੀ ਥਾਂ, ਕਚਹਿਰੀ।
**ਅਦਾਲਤ-ਏ-ਅਪੀਲ** : ਉੱਚੀ ਅਦਾਲਤ ਜਾਂ ਵੱਡੇ ਹਾਕਮ ਦੀ ਕਚਹਿਰੀ ਜਿੱਥੇ ਅਪੀਲ ਕੀਤੀ ਜਾਵੇ।
**ਅਦਾਲਤ-ਏ-ਆਲੀਯਾ** : ਉੱਚੀ ਅਦਾਲਤ, ਹਾਈਕੋਰਟ।
**ਅਦਾਲਤ-ਏ-ਇਬਤਦਾਈ** : ਉਹ ਮੁੱਢਲੀ ਅਦਾਲਤ ਜਿੱਥੇ ਮੁਕੱਦਮਾ ਅਰੰਭ ਹੁੰਦਾ ਹੈ।
**ਅਦਾਲਤ-ਏ-ਸ਼ਹਾਦਤ** : ਗਵਾਹੀ ਦੇਣ ਦਾ ਕੰਮ, ਗਵਾਹੀ ਦੇਣੀ।
**ਅਦਾਲਤ-ਏ-ਖ਼.ਫੀ.ਫਾ** : ਛੋਟੀ ਅਦਾਲਤ।
**ਅਦਾਲਤ-ਏ-ਦੀਵਾਨੀ** : ਉਹ ਅਦਾਲਤ ਜਿੱਥੇ ਕੇਵਲ ਲੈਣ-ਦੇਣ ਬਾਰੇ ਮੁਕੱਦਮਿਆਂ ਦਾ .ਫੈਸਲਾ ਹੁੰਦਾ ਹੈ।
**ਅਦਾਲਤ ਪਨਾਹ** : ਇਨਸਾ.ਫ ਕਰਨ ਵਾਲ਼ਾ।
**ਅਦਾਲਤ-ਏ-.ਫੌਜਦਾਰੀ** : .ਫੌਜਦਾਰੀ ਮੁਕੱਦਮਿਆਂ ਦੀ ਅਦਾਲਤ।
**ਅਦਾਲਤ-ਏ-ਮਾਤਹਤ** : ਹੇਠਲੀ ਅਦਾਲਤ।
**ਅਦਾਲਤ-ਏ-ਮਾਲ** : ਕੁਲੈਕਟਰ ਜਾਂ ਮਾਲ ਅ.ਫਸਰ ਦੀ ਅਦਾਲਤ ਜਿਹੜੀ ਲਗਾਨ ਜਾਂ ਮਾਲੀਆ ਆਦਿ ਬਾਰੇ .ਫੈਸਲਾ ਕਰਦੀ ਹੈ।
**ਅਦਾਲਤ-ਏ-ਮੁਜਾਜ਼** : ਉਹ ਅਦਾਲਤ ਜਿਸ ਨੂੰ ਕਿਸੇ ਮੁਕੱਦਮੇ ਨੂੰ ਸੁਣਨ ਅਤੇ .ਫੈਸਲੇ ਕਰਨ ਦਾ ਪੂਰਾ ਅਧਿਕਾਰ ਹੋਵੇ।
**ਅਦਾਵਤ** : ਦੁਸ਼ਮਣੀ, ਵੈਰ-ਵਿਰੋਧ।
**ਅਦੀਬ** : ਅਧਿਆਪਕ, ਸਾਹਿਤਕਾਰ, ਗਿਆਨੀ, ਗੁਣੀ, ਲੇਖਕ।
**ਅਦੀਲ** : ਨਿਆਂਕਾਰ, ਬਰਾਬਰ, ਵਰਗਾ।
**ਅਦੂ** : ਦੁਸ਼ਮਨ, ਵਿਰੋਧੀ, ਵੈਰੀ।
**ਅਨਸਰ** : ਅਸਲ, ਤੱਤ, ਬੁਨਿਆਦ।
**ਅਨਜ਼ਾਰ** : ਨਜ਼ਰ ਦਾ ਬਹੁਵਚਨ।
**ਅਨ.ਫ** : ਨੱਕ।
**ਅਨ.ਫਾਰ** : ਨ.ਫਰ (ਸਿਪਾਹੀ, ਗ੍ਰੋਹ, ਟੋਲੀ ਆਦਿ) ਦਾ ਬਹੁਵਚਨ।
**ਅਨ.ਫੁਸ** : ਨ.ਫਸ ਦਾ ਬਹੁਵਚਨ।
**ਅਨਾ** : ਅਣਖ।
**ਅਨਾਇਤ** : ਕਿਰਪਾ, ਦਇਆ, ਮਿਹਰਬਾਨੀ।
**ਅ.ਫਸਰਦਗੀ** : ਉਦਾਸੀਨਤਾ, ਨਿਰਾਸ਼ਾ।
**ਅ.ਫਸਾ-ਏ-ਰਾਜ਼** : ਭੇਤ।
**ਅ.ਫਸਾਨਾ** : ਕਹਾਣੀ, ਕਿੱਸਾ, ਦਾਸਤਾਨ।
**ਅ.ਫਸੁਰਦਾ** : ਉਦਾਸ।
**ਅ.ਫਸੂੰਖ਼ਾਨੇ** : ਵਕਤ ਦੇ ਜਾਦੂਘਰ ਵਿੱਚ।
**ਅ.ਫਕਾਰ** : ਚਿੰਤਾ, ਫ਼ਿਕਰ ਦਾ ਬਹੁਵਚਨ।
**ਅ.ਫਜ਼ਲ** : ਸਰਵੋਤਮ, ਚੰਗਾ, ਨੇਕ, ਪਾਕ।
**ਅ.ਫਜ਼ਲੀਅਤ** : ਸ਼ਰੇਸ਼ਟਾ, ਮਹਾਨਤਾ, ਵਡਿਆਈ।
**ਅ.ਫਰਾ ਤ.ਫਰੀ** : ਹ.ਫੜਾ ਦ.ਫੜੀ, ਹਲਚਲ, ਖਲਬਲੀ, .ਗੜਬੜੀ।
**ਅ.ਫਵ** : ਖ਼ਿਮਾ, ਮੁਆ.ਫੀ।
**ਅ.ਫੀ.ਫਾ** : ਪਾਕ ਪਵਿੱਤਰ ਔਰਤ।
**ਅ.ਫੂ** : ਖ਼ਤਾ/ਗੁਨਾਹ ਮੁਆ.ਫ ਕਰਨਾ।
**ਅਬਰ੍ਹ ਰੇਜ਼ਾਂ** : ਦੌੜਣ ਵਾਲ਼ਾ ਬੱਦਲ।
**ਅਬਜਦ** : ਅਰਬੀ ਕੈਦੇ ਦੇ ਪਹਿਲੇ ਅੱਖਰ।
**ਅਬਦਨ** : ਅਨੰਤ ਕਾਲ ਤੱਕ, ਹਮੇਸ਼ਾ ਲਈ।
**ਅਬਰ** : ਬੱਦਲ।
**ਅਬਰੂ** : ਪਲਕਾਂ।
**ਅੱਬਾਘੱਤ** : ਅਚਨਚੇਤ।
**ਅਬੋਬਾਦ** : ਬੱਦਲ ਅਤੇ ਹਵਾ।
**ਅਮ** : ਚਾਚਾ, ਪਿਤਾ ਦਾ ਭਰਾ।
**ਅਮਦ** : ਇਰਾਦਾ।
**ਅਮਨ** : ਸ਼ਾਂਤੀ, ਚੈਨ।
**ਅਮਲ-ਦਖ਼ਲ** : ਇਖ਼ਤਿਆਰ, ਕਬਜ਼ਾ।
**ਅਮਲ-ਦਰ-ਅਮਲ** : ਕਾਰਵਾਈ, ਤਾਮੀਲ।
**ਅਮਲ-ਦਰਆਮਦ** : ਕਾਰਵਾਈ, ਤਾਮੀਲ।















# ਆ ਗਿਆ 'ਪੰਨੂੰ ਵੈਦ' ਕੰਪਿਊਟਰ-ਰੋਗੀਆਂ ਦਾ ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ : 647-567-9128

ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਪਿੰਡ ਵਿਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ 'ਤੇ ਬੀਬੀਆਂ ਵੱਲੋਂ ਢੋਲਕੀ ਦੀ ਸਿੱਧ-ਪੱਧਰੀ ਜਿਹੀ ਤਾਲ 'ਤੇ ਗਾਏ ਜਾਣ ਵਾਲੇ ਧਾਰਨਾ ਵਾਲੇ ਕਈ 'ਸ਼ਬਦ' ਸੁਣਦੇ ਹੁੰਦੇ ਸੀ। ਉਨ੍ਹਾਂ ਵਿਚ ਇਕ 'ਸ਼ਬਦ' ਵਿਸ਼ੇਸ਼ ਤੌਰ 'ਤੇ ਸ਼ਾਮਲ ਹੁੰਦਾ ਸੀ ਜਿਸ ਨੂੰ ਉਹ ਪੂਰੀ ਹੇਕ ਲਾ ਕੇ ਗਾਉਂਦੀਆਂ ਸਨ :


**ਆ ਗਿਆ ਜੀ ਬਾਬਾ ਵੈਦ**
**ਰੋਗੀਆਂ ਦਾ ...।**

ਉਨ੍ਹਾਂ ਵੱਲੋਂ ਗਾਏ ਜਾਣ ਇਸ ਸ਼ਬਦ ਵਿਚਲਾ 'ਵੈਦ' ਬਾਬਾ ਨਾਨਕ ਹੀ ਹੁੰਦਾ ਸੀ ਜਿਸ ਦਾ ਉਸ ਦਿਨ ਗੁਰਪੁਰਬ ਮਨਾਇਆ ਜਾ ਰਿਹਾ ਹੁੰਦਾ ਸੀ। ਉਨ੍ਹਾਂ ਵੱਲੋਂ ਗਾਏ ਗਏ ਇਸ ਸ਼ਬਦ ਅਨੁਸਾਰ ਬਾਬਾ ਨਾਨਕ ਹਰੇਕ ਤਰ੍ਹਾਂ ਦੇ ਰੋਗਾਂ ਨੂੰ ਦੂਰ ਕਰਨ ਵਾਲਾ 'ਵੈਦ' ਸੀ ਪਰ ਉਦੋਂ ਮੇਰੇ ਵਰਗਿਆਂ ਦੇ ਬਾਲ-ਮਨਾਂ ਨੂੰ ਇਹ ਗੱਲ ਸਮਝ ਨਾ ਪੈਂਦੀ। ਮੇਰੀ ਸੀਮਤ ਜਿਹੀ ਸੋਚ ਅਨੁਸਾਰ ਤਾਂ ਗੁਰੂ ਨਾਨਕ ਦੇਵ ਜੀ 'ਗੁਰੂ' ਹੀ ਹਨ। ਉਹ 'ਵੈਦ' ਕਿਵੇਂ ਬਣ ਗਏ ? ਵੈਦ ਤਾਂ ਡਾਕਟਰਾਂ ਵਾਂਗ ਬੀਮਾਰੀਆਂ ਦਾ ਇਲਾਜ ਕਰਦੇ ਹਨ। ਫਿਰ ਜਦ ਥੋੜ੍ਹਾ ਵੱਡਾ ਹੋਇਆ ਤਾਂ ਸਮਝ ਪਈ ਕਿ ਬੀਮਾਰੀਆਂ ਕੇਵਲ ਸਰੀਰਕ ਹੀ ਨਹੀਂ ਹੁੰਦੀਆਂ, ਇਹ ਮਾਨਸਿਕ ਵੀ ਹੁੰਦੀਆਂ ਹਨ ਤੇ ਇਨ੍ਹਾਂ ਮਾਨਸਿਕ-ਬੀਮਾਰੀਆਂ ਦੇ ਇਲਾਜ ਵਾਲੇ 'ਵੈਦ' ਹੋਰ ਹੁੰਦੇ ਹਨ। ਗੁਰੂ ਨਾਨਕ ਦੇਵ ਜੀ ਮਾਨਸਿਕ ਰੋਗੀਆਂ ਦੇ ਵੈਦ ਹਨ। ਉਹ ਉਸ ਮਾਲਕ 'ਪ੍ਰਮਾਤਮਾ' ਤੋਂ ਦੂਰ ਹੋ ਗਏ ਲੋਕਾਂ ਦਾ ਇਲਾਜ ਕਰਨ ਵਾਲੇ ਵੈਦ ਹਨ।

... ਤੇ ਏਧਰ ਸਾਡੇ ਕਿਰਪਾਲ ਸਿੰਘ ਪੰਨੂੰ ਹਨ ਜੋ ਕੰਪਿਊਟਰ ਦੇ ਮਾਹਿਰ ਹਨ। ਕੰਪਿਊਟਰ ਦੇ ਨਾਲ ਜੁੜੀ ਹਰੇਕ 'ਬੀਮਾਰੀ' ਦਾ ਇਲਾਜ ਉਨ੍ਹਾਂ ਦੇ ਕੋਲ ਹੈ। ਵੀਹਵੀਂ ਸਦੀ ਦੀ ਇਸ 'ਮਹਾਨ ਕਾਢ' ਕੰਪਿਊਟਰ ਨੂੰ ਵੀ ਕਈ 'ਬੀਮਾਰੀਆਂ' ਚੰਬੜੀਆਂ ਹੋਈਆਂ ਹਨ। ਇਸ ਨੂੰ 'ਵਰਤਣ ਵਾਲੇ' ( ਯੂਜ਼ਰ) ਵੀ ਇਸ ਦੀਆਂ ਕਈ 'ਬੀਮਾਰੀਆਂ' ਦੇ 'ਮਰੀਜ਼' ਹਨ। ਚਾਹੇ ਇਹ ਉਨ੍ਹਾਂ ਨੂੰ ਪੰਜਾਬੀ ਦੇ ਸੈਂਕੜੇ ਫੌਂਟਾਂ ਵਿੱਚੋਂ ਕਿਸੇ ਵੀ ਫੌਂਟ ਵਿਚ ਟਾਈਪ ਕਰਦਿਆਂ ਆਈ ਹੋਈ ਮੁਸ਼ਕਲ ਹੋਵੇ, ਚਾਹੇ ਕੋਈ ਹੋਰ ਦਿੱਕਤ ਟਾਈਪ ਕੀਤੇ ਹੋਏ 'ਮੈਟਰ' ਨੂੰ ਇਕ ਫੌਂਟ ਤੋਂ ਦੂਸਰੇ ਵਿਚ ਬਦਲਣ ਦੀ ਹੋਵੇ ਤੇ ਚਾਹੇ ਕਿਸੇ 'ਮੈਟਰ' ਨੂੰ ਗੁਰਮੁਖੀ ਲਿਪੀ ਤੋਂ ਸ਼ਾਹਮੁਖੀ ਜਾਂ ਸ਼ਾਹਮੁਖੀ ਲਿਪੀ ਤੋਂ ਗੁਰਮੁਖੀ ਲਿਪੀ ਵਿਚ ਕਰਨ ਦੀ ਹੋਵੇ। ਇਸ ਦੇ ਨਾਲ ਹੀ ਜੇਕਰ ਤੁਹਾਡਾ ਕੰਪਿਊਟਰ ਚੰਗਾ ਭਲਾ ਚੱਲਦਾ-ਚੱਲਦਾ 'ਖੋਤੇ ਵਾਲੀ ਅੜੀ' ਕਰ ਬੈਠਾ ਹੈ ਤਾਂ ਇਸ ਦਾ ਇਲਾਜ ਵੀ ਪੰਨੂੰ ਸਾਹਿਬ ਕੋਲ ਹੈ। ਉਹ ਉਸ ਨੂੰ ਵੀ 'ਹੱਲਾਸ਼ੇਰੀ' ਦੇ ਕੇ ਤੋਰਨ ਲਾ ਦਿੰਦੇ ਹਨ। ਕੰਪਿਊਟਰਾਂ ਅੰਦਰ ਕਈ ਵਾਰ ਕੋਈ ਇਧਰੋਂ-ਓਧਰੋਂ ਆਈਆਂ 'ਬਲ਼ਾਵਾਂ' (ਵਾਇਰਸਾਂ) ਵੀ ਆ ਵੜਦੀਆਂ ਹਨ ਜੋ ਇਸ ਦੇ ਪ੍ਰੋਗਰਾਮਾਂ ਦਾ ਸੱਤਿਆਨਾਸ ਕਰ ਦਿੰਦੀਆਂ ਹਨ ਤੇ ਕੰਪਿਊਟਰ ਨੂੰ ਲੱਗਭੱਗ 'ਨਕਾਰਾ' ਹੀ ਕਰ ਦਿੰਦੀਆਂ ਹਨ। ਪੰਨੂੰ ਸਾਹਿਬ ਕੋਲ ਇਹ 'ਬੀਮਾਰੀ' ਦੂਰ ਕਰਨ ਦਾ ਨੁਸਖ਼ਾ ਵੀ ਹੈ। ਉਹ ਇਨ੍ਹਾਂ 'ਬਲ਼ਾਵਾਂ' ਨੂੰ ਦੂਰ ਭਜਾ ਕੇ ਕੰਪਿਊਟਰ ਨੂੰ ਮੁੜ 'ਨੌ-ਬਰ-ਨੌ' ਕਰ ਦਿੰਦੇ ਹਨ।

ਆਯੁਰਵੇਦ-ਪ੍ਰਣਾਲੀ ਵਿਚ 'ਧਨੰਤਰ ਵੈਦ' ਦਾ ਸਥਾਨ ਸੱਭ ਤੋਂ ਸਿਖ਼ਰ 'ਤੇ ਹੈ। ਕਿਹਾ ਜਾਂਦਾ ਹੈ ਕਿ ਉਸ ਦੇ ਕੋਲ ਹਰੇਕ ਸਰੀਰਕ ਬੀਮਾਰੀ ਦਾ ਇਲਾਜ ਮੌਜੂਦ ਸੀ। ਜੰਗਲੀ ਬੂਟੀਆਂ ਤੋਂ ਤਿਆਰ ਕੀਤੀਆਂ ਦਵਾਈਆਂ ਨਾਲ ਉਸ ਨੇ ਮਨੁੱਖੀ ਸਰੀਰ ਦੀ ਹਰੇਕ ਬੀਮਾਰੀ ਦਾ ਇਲਾਜ ਲੱਭ ਲਿਆ ਸੀ। ਉਸ ਦੇ ਨਾਲ ਜੁੜੀ ਹੋਈ 'ਮਿਥਿਹਾਸਕ ਸਾਖੀ' ਵਿਚ ਤਾਂ ਹੋਰ ਵੀ ਬੜਾ ਕੁਝ ਕਿਹਾ ਗਿਆ ਹੈ ਜੋ ਆਮ ਇਨਸਾਨ ਦੇ ਮੰਨਣ ਵਿਚ ਨਹੀਂ ਆਉਂਦਾ, ਜਿਵੇਂ ਕਿ 'ਕਸ਼ਿਅਪ' ਰੂਪੀ 'ਸੱਪ' ਨੇ ਡੰਗ ਮਾਰ ਕੇ ਬੋਹੜ ਦੇ ਇਕ ਦ੍ਰਖ਼ਤ ਨੂੰ ਬਿਲਕੁਲ ਸੁਕਾ ਦਿੱਤਾ ਸੀ ਅਤੇ ਧਨੰਤਰ ਵੈਦ ਨੇ ਉਸ ਰੁੱਖ ਦੇ ਸਾਹਮਣੇ ਖਲੋ ਕੇ ਕੁਝ 'ਮੰਤਰ' ਉਚਾਰਨ ਤੋਂ ਬਾਅਦ ਉਸ ਦੇ ਉੱਪਰ 'ਜਲ' ਦਾ ਤਰੌਂਕਾ ਦੇ ਕੇ ਉਸ ਨੂੰ ਮੁੜ ਹਰਿਆ-ਭਰਿਆ ਕਰ ਦਿੱਤਾ ਸੀ। ਅਜਿਹੀਆਂ 'ਕਥਾਵਾਂ' ਤਾਂ ਮੰਨਣ ਯੋਗ ਨਹੀਂ ਹਨ ਪਰ 'ਧਨੰਤਰ' ਦੇ ਨਾਂ 'ਤੇ ਚੱਲੀ ਆਯੁਰਵੇਦ-ਪ੍ਰਣਾਲੀ ਵਿਚ ਮੇਰੇ ਸਮੇਤ ਬਹੁਤ ਸਾਰੇ ਲੋਕਾਂ ਦਾ ਦ੍ਰਿੜ ਵਿਸ਼ਵਾਸ ਹੈ।

ਧਨੰਤਰ ਵੈਦ ਸਰੀਰਕ ਬੀਮਾਰੀਆਂ ਦਾ ਇਲਾਜ ਕਰਦਾ ਸੀ ਅਤੇ 'ਸਾਡੇ ਵੈਦ' ਪੰਨੂੰ ਸਾਹਿਬ ਕੰਪਿਊਟਰ ਨਾਲ ਸਬੰਧਿਤ ਬੀਮਾਰੀਆਂ ਦਾ ਇਲਾਜ ਕਰਦੇ ਹਨ। ਏਸੇ ਲਈ ਉਨ੍ਹਾਂ ਨੂੰ ਕੰਪਿਊਟਰ ਦਾ ਧਨੰਤਰ ਕਿਹਾ ਜਾਂਦਾ ਹੈ। ਇਹ 'ਲਕਬ' ਉਨ੍ਹਾਂ ਦੇ ਨਾਂ ਦੇ ਨਾਲ ਪ੍ਰਿੰਸੀਪਲ ਸਰਵਣ ਸਿੰਘ ਦੀ ਸੰਪਾਦਨਾ ਹੇਠ 2011 ਵਿਚ ਛਪੀ ਪੁਸਤਕ ਕੰਪਿਊਟਰ ਦਾ ਧਨੰਤਰ : ਕਿਰਪਾਲ ਸਿੰਘ ਪੰਨੂੰ ਦੇ ਆਉਣ ਨਾਲ ਜੁੜਿਆ। 2011 ਵਿਚ ਜਦੋਂ ਪੰਨੂੰ ਸਾਹਿਬ ਨੇ ਆਪਣੇ ਜੀਵਨ ਪੰਧ ਦੀ 'ਪੌਣੀ ਸਦੀ' ਪਾਰ ਕੀਤੀ ਤਾਂ ਇਹ ਪੁਸਤਕ ਉਨ੍ਹਾਂ ਨੂੰ ਅਭਿਨੰਦਨ ਗ੍ਰੰਥ ਦੇ ਰੂਪ ਵਿਚ ਭੇਂਟ ਕੀਤੀ ਗਈ। ਇਸ ਪੁਸਤਕ ਵਿਚ ਪ੍ਰਿੰਸੀਪਲ ਸਰਵਣ ਸਿੰਘ ਹੋਰਾਂ ਵੱਲੋਂ ਪੰਨੂੰ ਸਾਹਿਬ ਦੀ ਸ਼ਖ਼ਸੀਅਤ ਦੇ ਵੱਖ-ਵੱਖ ਪਹਿਲੂਆਂ ਬਾਰੇ 47 ਵੱਖ-ਵੱਖ ਲੇਖਕਾਂ ਦੇ ਆਰਟੀਕਲ ਸ਼ਾਮਲ ਕੀਤੇ ਗਏ ਜਿਨ੍ਹਾਂ ਦੀ ਲੰਬਾਈ ਨਵਤੇਜ ਭਾਰਤੀ ਦੇ ਇੱਕ ਪੰਨੇ ਦੇ ਸੰਖੇਪ ਆਰਟੀਕਲ ਤੋਂ ਲੈ ਕੇ ਡਾ. ਵਰਿਆਮ ਸਿੰਘ ਸੰਧੂ ਦੇ 17 ਪੰਨਿਆਂ ਦੇ ਲੰਮੇ ਲੇਖ ਤੱਕ ਹੈ। ਕਿਸੇ ਨੇ ਉਨ੍ਹਾਂ ਨੂੰ ਕੰਪਿਊਟਰ ਦਾ ਧਨੰਤਰ ਵੈਦ ਤੇ ਕਿਸੇ ਨੇ ਕੰਪਿਊਟਰ ਦਾ ਧੰਨਾ ਜੱਟ ਆਖਿਆ ਹੈ। ਕਿਸੇ ਨੇ ਕੰਪਿਊਟਰ ਦਾ ਭਾਈ ਘਨੱਈਆ ਤੇ ਕਿਸੇ ਨੇ ਕੰਪਿਊਟਰ ਦੀਆਂ ਘੁੰਡੀਆਂ ਮੇਲਣ ਵਾਲਾ ਕਿਹਾ ਹੈ। ਕਈ ਹੋਰਨਾਂ ਨੇ ਉਨ੍ਹਾਂ ਨੂੰ ਦਰਿਆ ਦਿਲ ਪੰਨੂੰ, ਯਾਰ ਅਣਮੁੱਲਾ, ਹਵਾ ਦਾ ਬੁੱਲਾ, ਪੰਜਾਬੀਅਤ ਦਾ ਚਾਨਣ-ਮੁਨਾਰਾ, ਕੰਪਿਊਟਰੀ-ਮੰਡਲਾਂ ਦਾ ਖੋਜਕਾਰ ਤੇ 'ਕੰਪਿਊਟਰ ਪਾਇਲਟ ਵੀ ਕਿਹਾ ਹੈ। ਕਿਸੇ ਲਈ ਉਹ ਸੁਹਿਰਦ ਇਨਸਾਨ ਹੈ ਤੇ ਕਿਸੇ ਲਈ ਪੰਜਾਬ ਪੋਲੀਸ ਤੇ ਬੀ.ਐੱਸ.ਐੱਫ਼. ਵਿਚ 35 ਸਾਲ ਕੀਤੀ ਗਈ ਨੌਕਰੀ ਤੋਂ ਬਾਅਦ ਹੋਈ 'ਸੇਵਾ-ਮੁਕਤੀ' ਸਮੇਂ ਆਪਣਾ ਦਿਮਾਗ਼ ਆਪਣੇ ਨਾਲ ਸਹੀ ਸਲਾਮਤ 'ਚੋਰੀ' ਵਾਪਸ ਆਪਣੇ ਨਾਲ ਲਿਆਉਣ ਵਾਲਾ ਪੰਨੂੰ ਚੋਰ ਹੈ, ਕਿਉਂਕਿ ਇਹ ਵੀ ਤਾਂ ਕਿਹਾ ਜਾਂਦਾ ਹੈ ਕਿ ਫ਼ੌਜੀਆਂ ਨੂੰ ਸੇਵਾ-ਮੁਕਤੀ ਸਮੇਂ ਪੈਨਸ਼ਨ 'ਤੇ ਭੇਜਣ ਲੱਗਿਆਂ ਉਨ੍ਹਾਂ ਦਾ ਦਿਮਾਗ਼ ਉੱਥੇ ਹੀ ਰੱਖ ਲਿਆ ਜਾਂਦਾ ਹੈ।



ਕਿਰਪਾਲ ਸਿੰਘ ਪੰਨੂੰ

ਪੰਨੂੰ ਸਾਹਿਬ ਦੀ ਸ਼ਖ਼ਸੀਅਤ ਦਾ ਇੱਕ ਅਹਿਮ ਪੱਖ ਹੋਰ ਵੀ ਹੈ ਤੇ ਉਹ ਹੈ, ਇੱਥੇ 'ਸੀਨੀਅਰਜ਼' ਕਹੇ ਜਾਂਦੇ ਬਜ਼ੁਰਗਾਂ ਨੂੰ ਕੰਪਿਊਟਰ ਦੇ 'ਲੜ ਲਾਉਣ' ਦਾ। ਪੰਨੂ ਸਾਹਿਬ ਨੇ ਸੈਂਕੜੇ ਸੀਨੀਅਰਜ਼ ਨੂੰ ਪ੍ਰੇਰਨਾ ਦੇ ਕੇ ਕੰਪਿਊਟਰ ਸਿੱਖਣ ਲਈ ਰਾਜ਼ੀ ਕੀਤਾ ਅਤੇ ਫਿਰ ਉਨ੍ਹਾਂ ਨੂੰ ਕੰਪਿਊਟਰ ਦੀ ਸਿਖਲਾਈ ਦੇਣ ਲਈ ਕੰਪਿਊਟਰ ਦੀ ਖ਼ਰੀਦੋ-ਫ਼ਰੋਖ਼ਤ ਤੇ ਮੁਰੰਮਤ ਕਰਨ ਵਾਲੀਆਂ ਕਈ ਫ਼ਰਮਾਂ ਦੇ ਸਹਿਯੋਗ ਨਾਲ ਗਰਮੀਆਂ ਦੇ ਹਰੇਕ ਸੀਜ਼ਨ ਵਿਚ ਦੋ-ਦੋ, ਤਿੰਨ-ਤਿੰਨ ਕੈਂਪ ਲਾਏ। ਇਨ੍ਹਾਂ ਕੈਂਪਾਂ ਵਿਚ ਉਨ੍ਹਾਂ ਬਜ਼ੁਰਗਾਂ ਦੀਆਂ ਸਖ਼ਤ ਉਂਗਲਾਂ ਨੂੰ 'ਕੀ-ਬੋਰਡ' ਉੱਪਰ ਹੌਲ਼ੀ-ਹੌਲ਼ੀ ਫੇਰਨ ਦੀ ਜਾਚ ਦੱਸੀ। ਉਨ੍ਹਾਂ ਨੂੰ 'ਮਾਊਸ' ਦੀ ਵਰਤੋਂ ਕਰਨੀ ਸਿਖਾਈ। ਚਾਰ-ਪੰਜ ਹਫ਼ਤਿਆਂ ਦੇ ਇਸ ਕੋਰਸ ਨਾਲ ਉਹ ਮਾੜੀ ਮੋਟੀ ਟਾਈਪ ਕਰਨ ਤੇ 'ਈ-ਮੇਲ' ਕਰਨ ਅਤੇ ਆਈਆਂ ਹੋਈਆਂ 'ਈ-ਮੇਲਾਂ' ਵੇਖਣ ਤੇ ਉਨ੍ਹਾਂ ਦੇ ਜੁਆਬ ਦੇਣ ਦੇ ਯੋਗ ਤਾਂ ਹੋ ਹੀ ਜਾਂਦੇ ਸਨ। ਇਸ ਤੋਂ ਵਧੇਰੇ ਸਿੱਖਣ ਵਾਲੇ ਪੰਨੂੰ ਸਾਹਿਬ ਦੇ ਅਗਲੇਰੇ 'ਹਾਇਰ ਕੋਰਸ' ਲਈ ਵੀ ਆਪਣੇ ਨਾਂ ਲਿਖਵਾ ਦਿੰਦੇ ਸਨ। ਅਖ਼ਬਾਰ ਵਿਚ ਕੰਮ ਕਰਦਿਆਂ ਅਜਿਹੇ ਇਕ ਕੈਂਪ ਦੀ ਚੱਲ ਰਹੀ ਕਾਰਵਾਈ 'ਲਾਈਵ' ਵੇਖਣ ਦਾ ਵੀ ਮੌਕਾ ਮਿਲਿਆ। ਪੰਨੂੰ ਸਾਹਿਬ ਨੇ ਸਿਖਿਆਰਥੀਆਂ ਨੂੰ ਪਹਿਲਾਂ ਦਸ ਕੁ ਮਿੰਟ ਉਸ ਦਿਨ ਦੇ ਸਬਕ ਬਾਰੇ ਸੰਖੇਪ ਲੈਕਚਰ ਦਿੱਤਾ ਅਤੇ ਫਿਰ ਉਨ੍ਹਾਂ ਨੂੰ ਆਪਣੇ ਲੈਪਟੋਪਾਂ 'ਤੇ ਉਸ 'ਸਬਕ' ਨੂੰ 'ਹੱਥੀਂ ਕਰਨ' ਲਈ ਆਖਿਆ ਜੋ ਉਹ ਬੜੇ ਆਰਾਮ ਨਾਲ ਕਰ ਰਹੇ ਸਨ।

ਇਸ ਕੈਂਪ ਦੇ ਉਸ ਦਿਨ ਦੀ ਪੂਰੀ ਕਾਰਵਾਈ ਵਿਸਤ੍ਰਿਤ ਖ਼ਬਰ ਦੇ ਰੂਪ ਵਿਚ ਆਪਣੇ ਅਖ਼ਬਾਰ 'ਸਿੱਖ ਸਪੋਕਸਮੈਨ' ਨੂੰ ਭੇਜਣ ਦੇ ਨਾਲ਼ ਨਾਲ਼ ਹੋਰ ਵੀ ਤਿੰਨ-ਚਾਰ ਅਖ਼ਬਾਰਾਂ ਨੂੰ ਵੀ ਤਸਵੀਰਾਂ ਸਮੇਤ ਭੇਜ ਦਿੱਤੀ ਜਿਸ ਨੂੰ ਅਖ਼ਬਾਰਾਂ ਨੇ ਵੀ ਬੜੇ ਉਤਸ਼ਾਹ ਨਾਲ ਛਾਪਿਆ। ਪੰਨੂੰ ਸਾਹਿਬ ਦੇ 'ਮੁੱਢਲੇ ਕੰਪਿਊਟਰ ਸ਼ਗਿਰਦਾਂ' ਵਿੱਚ ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਉੱਘੇ ਸਿੱਖਿਆ-ਸ਼ਾਸਤਰੀ ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ, ਉੱਘੇ ਪੰਜਾਬੀ ਲੇਖਕ ਪੂਰਨ ਸਿੰਘ ਪਾਂਧੀ ਤੇ ਬਰੈਂਪਟਨ ਦੀਆਂ ਕਈ ਹੋਰ ਅਹਿਮ ਵਿਅੱਕਤੀ ਸ਼ਾਮਲ ਸਨ ਜੋ ਪੰਜਾਬ ਵਿਚ ਚੰਗੀਆਂ ਨੌਕਰੀਆਂ ਤੋਂ ਸੇਵਾ-ਮੁਕਤ ਹੋ ਕੇ ਇੱਥੇ ਆਏ ਸਨ ਪਰ ਉੱਥੇ ਕੰਪਿਊਟਰ ਨਾਲ ਵਾ-ਬਸਤਾ ਨਾ ਹੋਣ ਕਾਰਨ ਉਹ ਇਸ ਤੋਂ ਬਿਲਕੁਲ 'ਅਣਭਿੱਜ' ਸਨ। ਉਨ੍ਹਾਂ ਵਿੱਚੋਂ ਬਹੁਤੇ ਤਾਂ ਇਸ ਨੂੰ ਸਿੱਖਣ ਤੋਂ ਇਸ ਗੱਲੋਂ ਵੀ ਡਰਦੇ ਸਨ ਕਿ ਇਸ ਉਮਰ ਵਿਚ ਇਹ ਸਿੱਖਣਾ ਉਨ੍ਹਾਂ ਲਈ ਅਤੀ ਮੁਸ਼ਕਲ ਹੋਵੇਗਾ, ਪਰ ਪੰਨੂੰ ਸਾਹਿਬ ਨੇ ਉਨ੍ਹਾਂ ਦਾ ਡਰ ਇਹ ਕਹਿਕੇ ਦੂਰ ਕਰ ਦਿੱਤਾ, ਮੈਂ ਵੀ ਤਾਂ ਇਹ ਸੇਵਾ-ਮੁਕਤੀ ਤੋਂ ਬਾਅਦ ਹੀ ਇੱਥੇ ਆਣ ਕੇ ਹੀ ਸਿੱਖਿਆ ਏ। ਇਸ ਤਰ੍ਹਾਂ ਬਰੈਂਪਟਨ ਵਿਚ ਬਜ਼ੁਰਗਾਂ ਨੂੰ ਕੰਪਿਊਟਰ ਦੀ ਸਿਖਲਾਈ ਦੇਣਾ ਪੰਨੂੰ ਸਾਹਿਬ ਲਈ 'ਬੁੱਢੇ ਤੋਤੇ ਪੜ੍ਹਾਉਣ' ਵਾਲੀ ਗੱਲ ਸੀ ਜਿਸ ਵਿਚ ਉਹ ਪੂਰੇ ਕਾਮਯਾਬ ਹੋਏ।

ਪੰਨੂੰ ਸਾਹਿਬ ਬਾਰੇ ਹਰੇਕ ਦਾ ਆਪੋ-ਆਪਣਾ ਨਜ਼ਰੀਆ ਹੈ ਪਰ ਮੇਰੀ ਨਜ਼ਰ ਵਿਚ ਕਿਰਪਾਲ ਸਿੰਘ ਪੰਨੂੰ ਕੰਪਿਊਟਰ ਦੀ 'ਨਾੜ-ਨਾੜ' ਦੇ ਵਾਕਿਫ਼ ਹਨ ਅਤੇ ਉਹ ਉਸ ਦੀ 'ਨਬਜ਼' ਟੋਹ ਕੇ ਹੀ ਬੀਮਾਰੀ ਲੱਭਣ ਤੇ ਉਸ ਨੂੰ ਠੀਕ ਕਰਨ ਵਾਲੇ 'ਵੈਦ' ਹਨ। ਉਨ੍ਹਾਂ ਦੀ ਇਸ ਤਕਨੀਕੀ ਵਿਦਵਤਾ ਦਾ ਕਾਇਲ ਮੈਂ ਕਈ ਵਾਰ ਫ਼ਾਇਦਾ ਉਠਾ ਚੁੱਕਾ ਹਾਂ। ਇੱਥੇ ਮੈਂ ਇਹ ਦੱਸਣਾ ਚਾਹਾਂਗਾ ਕਿ ਗੁਰਬਾਣੀ ਦੀ ਕਿਸੇ 'ਤੁਕ' ਜਾਂ 'ਸ਼ਬਦ' ਬਾਰੇ ਜਦੋਂ ਮੈਨੂੰ ਕੋਈ ਮੁਸ਼ਕਲ ਪੇਸ਼ ਆਏ ਤਾਂ ਮੈਂ ਗੁਰਬਾਣੀ ਦੇ ਗਿਆਤਾ ਤੇ ਖੋਜੀ ਵਿਦਵਾਨ ਪੂਰਨ ਸਿੰਘ ਪਾਂਧੀ ਹੋਰਾਂ ਨੂੰ ਫ਼ੋਨ ਕਰਕੇ ਉਸ ਦਾ ਹੱਲ ਪੁੱਛਦਾ ਹਾਂ ਅਤੇ ਜਦੋਂ ਮੇਰੇ ਲੈਪਟੌਪ ਦੀ ਕੋਈ 'ਕੁੰਜੀ' ਢਿੱਲੀ ਹੋ ਜਾਏ ਤਾਂ ਝੱਟਪੱਟ ਪੰਨੂੰ ਸਾਹਿਬ ਦੇ ਫ਼ੋਨ ਦੀ ਘੰਟੀ ਖੜਕਾਉਂਦਾ ਹਾਂ। ਬਹੁਤੀ ਵਾਰ ਤਾਂ ਮੇਰਾ ਮਸਲਾ ਫ਼ੋਨ 'ਤੇ ਹੀ ਹੱਲ ਹੋ ਜਾਂਦਾ ਹੈ, ਕਿਉਂਕਿ ਪੰਨੂੰ ਸਾਹਿਬ ਮੇਰਾ ਲੈਪਟੌਪ ਇੰਟਰਨੈੱਟ ਰਾਹੀਂ ਆਪਣੇ ਕੰਪਿਊਟਰ ਨਾਲ ਜੋੜ ਲੈਂਦੇ ਹਨ ਅਤੇ ਕਹਿੰਦੇ ਹਨ, ਝੰਡ, ਤੂੰ ਹੁਣ ਏਥੇ ਜਾਹ। ਏਥੇ ਤੈਨੂੰ ਆਹ 'ਡੱਬੀ ਜਿਹੀ' ਦਿਸੇਗੀ ਤੇ ਇਸ ਵਿੱਚੋਂ ਇਸ ਲਾਈਨ ਨੂੰ 'ਕਾਪੀ' ਕਰਕੇ ਫਲਾਣੀ ਥਾਂ 'ਤੇ 'ਪੇਸਟ' ਕਰ ਦੇ। ਤੇਰਾ ਮਸਲਾ ਆਪਣੇ ਆਪ ਹੱਲ ਹੋ ਜਾਏਗਾ।

... ਤੇ ਇਹ 'ਹੱਲ' ਵੀ ਹੋ ਜਾਂਦਾ ਹੈ। ਪਰ ਕਦੇ ਕਦੇ ਕੋਈ ਮਸਲਾ 'ਵੱਡਾ' ਹੋਣ ਕਰਕੇ 'ਰੋਗੀ' ਨੂੰ ਨਿੱਜੀ ਤੌਰ 'ਤੇ ਵੀ 'ਵੈਦ' ਕੋਲ ਜਾਣਾ ਪੈਂਦਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ 'ਭਾਈ ਗੁਰਦਾਸ ਲਾਇਬ੍ਰੇਰੀ' ਵਿਚ 32 ਸਾਲ ਸੇਵਾ ਨਿਭਾਉਣ ਤੋਂ ਬਾਅਦ 2010 ਦੇ ਅਕਤੂਬਰ ਮਹੀਨੇ ਦੇ ਅਖ਼ੀਰ ਵਿਚ ਮੈਂ ਇੱਥੇ ਬਰੈਂਪਟਨ ਆਪਣੇ ਬੇਟੇ ਕੋਲ ਆਇਆ। ਨੌਕਰੀ ਦੌਰਾਨ ਕੰਪਿਊਟਰ 'ਤੇ ਅੰਗਰੇਜ਼ੀ ਵਿਚ ਟਾਈਪ ਕਰਨ, ਈ-ਮੇਲ ਤੇ ਇਸ ਉੱਪਰ ਹੋਰ ਛੋਟੇ-ਮੋਟੇ ਕੰਮ ਕਰਨ ਦਾ ਤਜਰਬਾ ਤਾਂ ਪਹਿਲਾਂ ਹੀ ਹਾਸਲ ਸੀ ਪਰ ਪੰਜਾਬੀ ਵਿਚ ਟਾਈਪ ਕਰਨਾ ਮੈਨੂੰ ਬਿਲਕੁਲ ਨਹੀਂ ਆਉਂਦਾ ਸੀ। ਦਰਅਸਲ, ਇਸ ਦੀ ਉਦੋਂ ਉੱਥੇ ਲੋੜ ਹੀ ਨਾ ਪਈ, ਕਿਉਂਕਿ ਦਫ਼ਤਰ ਵਿਚ ਦੋ ਪੰਜਾਬੀ ਟਾਈਪਿਸਟ ਮੌਜੂਦ ਸਨ ਜਿਨ੍ਹਾਂ ਨੇ ਬੜੀ ਆਸਾਨੀ ਨਾਲ ਕੰਪਿਊਟਰ 'ਤੇ ਟਾਈਪ ਕਰਨਾ ਸਿੱਖ ਲਿਆ ਸੀ ਤੇ ਮੇਰੇ ਵੱਲੋਂ ਪੰਜਾਬੀ ਵਾਲਾ ਕੰਮ-ਕਾਜ ਉਨ੍ਹਾਂ ਕੋਲੋਂ ਹੀ ਕਰਵਾ ਲਿਆ ਜਾਂਦਾ ਸੀ। ਅਪ੍ਰੈਲ 2011 ਵਿਚ ਪੰਜਾਬੀ ਲੇਖਕ ਬਲਬੀਰ ਸਿੰਘ ਮੋਮੀ ਹੋਰਾਂ ਦੀ ਵਾਕਫ਼ੀਅਤ ਸਦਕਾ ਇੱਥੇ 'ਸਿੱਖ ਸਪੋਕਸਮੈਨ' ਅਖ਼ਬਾਰ ਵਿਚ ਕੰਮ ਕਰਨ ਦਾ ਅਵਸਰ ਮਿਲ ਗਿਆ ਪਰ ਇੱਥੇ ਪੰਜਾਬੀ ਵਿਚ ਟਾਈਪਿੰਗ ਤੋਂ ਬਿਨਾਂ ਕੰਮ ਚੱਲਣਾ ਮੁਸ਼ਕਲ ਸੀ। ਮੋਮੀ ਸਾਹਿਬ ਦੀ ਅਗਵਾਈ 'ਚ ਹਫ਼ਤੇ ਵਿਚ ਮੈਂ ਪੰਜਾਬੀ ਵਿਚ ਹੌਲ਼ੀ-ਹੌਲ਼ੀ ਡੀ.ਆਰ. ਚਾਤ੍ਰਿਕ ਫ਼ੌਂਟਸ ਵਿਚ ਟਾਈਪ ਕਰਨ ਲੱਗ ਪਿਆ। ਦੋ-ਤਿੰਨ ਹਫ਼ਤਿਆਂ ਵਿਚ ਹੱਥ ਵਾਹਵਾ ਈ ਰਵਾਂ ਹੋ ਗਿਆ ਤੇ ਮੈਂ ਆਪਣੇ ਲੈਪਟੌਪ 'ਤੇ ਆਪਣੇ ਆਰਟੀਕਲ ਤੇ ਖ਼ਬਰਾਂ ਸਿੱਧੀਆਂ ਹੀ ਟਾਈਪ ਕਰਕੇ ਆਪਣੇ ਅਖ਼ਬਾਰ ਦੇ ਸੰਪਾਦਕ ਨੂੰ ਭੇਜਣ ਲੱਗ ਪਿਆ। ਇਸ ਵਿਚਾਲੇ ਫੇਸਬੁੱਕ 'ਤੇ ਵੀ ਕਿਸੇ ਦੋਸਤ ਕੋਲੋਂ ਆਪਣਾ ਅਕਾਊਂਟ ਖੁਲ੍ਹਵਾ ਲਿਆ। ਇੱਥੇ ਅੰਗਰੇਜ਼ੀ ਵਿਚ ਤਾਂ 'ਕੁਮੈਂਟ-ਸ਼ੁਮੈਂਟ' ਆਰਾਮ ਨਾਲ ਚੱਲਦੇ ਰਹੇ ਪਰ ਪੰਜਾਬੀ ਵਿਚ ਟਾਈਪ ਕਰਨ 'ਤੇ 'ਲੈਪਟੌਪ' ਇਹ ਮੰਨਣ ਤੋਂ ਪੂਰੀ ਤਰ੍ਹਾਂ ਸਿਰ ਫੇਰ ਗਿਆ। ਕਿਸੇ ਦੋਸਤ ਦੇ ਮਸ਼ਵਰੇ 'ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 'ਗੁਰਮੁਖੀ ਅੰਗਰੇਜ਼ੀ ਕਨਵਰਟਰ' ਦੀ ਸਹਾਇਤਾ ਨਾਲ ਡੀ.ਆਰ. ਚਾਤ੍ਰਿਕ ਫੌਂਟਸ 'ਚ ਲਿਖੇ ਕੁਮੈਂਟਾਂ ਨੂੰ 'ਕਨਵਰਟਰ' 'ਤੇ ਚਾੜ੍ਹ ਕੇ 'ਯੂਨੀਕੋਡ' ਵਿਚ ਬਦਲਣ ਤੋਂ ਬਾਅਦ ਇਹ ਕੁਮੈਂਟ ਫੇਸਬੁੱਕ 'ਤੇ ਪਾਉਂਦਾ ਜਿਸ ਦੇ ਲਈ ਕਾਫ਼ੀ ਮਿਹਨਤ ਕਰਨੀ ਪੈਂਦੀ ਤੇ ਇਸ ਦੇ ਲਈ ਸਮਾਂ ਵੀ ਲੱਗਦਾ। ਫਿਰ ਅਚਾਨਕ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਇਹ 'ਕਨਵਰਟਰ' ਇੰਟਰਨੈੱਟ ਤੋਂ ਗਾਇਬ ਹੋ ਗਿਆ। ਆਪਣੀ ਮੁਸ਼ਕਲ ਮੈਂ ਪੰਨੂੰ ਸਾਹਿਬ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਅੱਗੋਂ ਫ਼ਰਮਾਇਆ, ਝੰਡ ਯਾਰ, ਤੂੰ ਸਿਆਣਾ-ਬਿਆਣਾ ਬੰਦਾ ਕਿਹੜੇ ਯੱਬ 'ਚ ਫਸਿਆ ਫਿਰਦਾਂ। ਛੱਡ ਖਹਿੜਾ ਹੁਣ ਡੀ.ਆਰ. ਚਾਤ੍ਰਿਕ ਫੌਂਟਸ ਦਾ ਤੇ ਸਿੱਧਾ 'ਯੂਨੀਕੋਡ' ਵੱਲ ਆ। ਉਨ੍ਹਾਂ ਮੇਰੇ ਲੈਪਟੌਪ 'ਤੇ ਯੂਨੀਕੋਡ ਵਾਲਾ ਆਪਣਾ ਪ੍ਰੋਗਰਾਮ 'ਡਾਊਨਲੋਡ' ਕਰ ਦਿੱਤਾ ਅਤੇ ਇਸ ਨੂੰ ਚਲਾਉਣ ਦਾ 'ਵੱਲ' ਵੀ ਸਿਖਾ ਦਿੱਤਾ। ਇਸ ਪ੍ਰੋਗਰਾਮ ਵਿਚ ਟਾਈਪ ਕਰਨਾ ਮੁਸ਼ਕਲ ਤਾਂ ਨਹੀਂ ਸੀ ਪਰ ਇਸ ਵਿਚ ਪਹਿਲਾਂ ਵਾਲੇ ਡੀ.ਆਰ. ਫੌਂਟਸ ਨਾਲੋਂ ਕੁਝ ਵਖਰੇਵੇਂ ਵੀ ਸਨ ਜੋ ਹੌਲ਼ੀ-ਹੌਲ਼ੀ ਸਮਝ ਵਿਚ ਆ ਗਏ। ਬਾਕੀ ਅੱਖਰ ਤਾਂ ਆਰਾਮ ਨਾਲ ਹੀ ਟਾਈਪ ਹੋ ਜਾਂਦੇ ਸਨ ਪਰ ਊੜਾ, ਐੜਾ ਤੇ ਈੜੀ ਟਾਈਪ ਕਰਨ ਵਿਚ ਦਿੱਕਤ ਆਈ ਤੇ ਖ਼ਾਸ ਕਰਕੇ ਈੜੀ ਨੂੰ ਸਿਹਾਰੀ ਤੇ ਬਿਹਾਰੀ ਲਾਉਣ ਵਿਚ ਹੋਰ ਵੀ ਮੁਸ਼ਕਲ ਆਈ ਜੋ ਪੰਨੂੰ ਸਾਹਿਬ ਨੇ ਬਾਅਦ ਵਿਚ ਹੱਲ ਕੀਤੀ। ਹੁਣ 'ਯੂਨੀਕੋਡ' ਵਿਚ ਬੜੇ ਆਰਾਮ ਨਾਲ ਟਾਈਪ ਕਰ ਲਈਦਾ ਹੈ ਤੇ ਕੋਈ ਪ੍ਰੇਸ਼ਾਨੀ ਨਹੀਂ ਹੈ। ਜੇਕਰ ਕੋਈ ਮੁਸ਼ਕਲ ਆ ਵੀ ਜਾਏ ਤਾਂ ਪੰਨੂੰ ਸਾਹਿਬ ਹੈਗੇ ਆ, ਉਸ ਨੂੰ ਹੱਲ ਕਰਨ ਲਈ। ਇਸ ਤਰ੍ਹਾਂ ਉਹ ਕੰਪਿਊਟਰ ਸਬੰਧੀ ਆਉਣ ਵਾਲੀ ਮੇਰੀ ਹਰੇਕ ਅੜਚਣ ਨੂੰ ਦੂਰ ਕਰਦੇ ਹਨ। ਕੇਵਲ ਮੇਰੀ ਹੀ ਨਹੀਂ, ਉਹ ਹਰੇਕ ਦੀ ਕੰਪਿਊਟਰ ਸਬੰਧੀ ਹਰੇਕ 'ਬੀਮਾਰੀ' ਦੇ 'ਵੈਦ' ਹਨ। ਏਸੇ ਲਈ ਤਾਂ ਮੈਂ ਕਹਿੰਦਾ ਹਾਂ :

ਆ ਗਿਆ 'ਪੰਨੂੰ ਵੈਦ'
ਕੰਪਿਊਟਰ ਰੋਗੀਆਂ ਦਾ ...

# ਵਿਨੇਸ ! ਸਨਿਆਸ ਦੇ ਫੈਸਲੇ ਤੇ ਮੁੜ ਗੌਰ ਕਰ, ਲੋਕਾਂ ਦੇ ਅਸ਼ੀਰਵਾਦ ਤੇ ਤ.ਗਮੇ ਤਾਂ ਤੇਰੇ ਸਿਰ ਤੇ ਮੀਂਹ ਵਾਂਗ ਵਰ੍ਹਦੇ ਰਹਿਣਗੇ



ਬਲਵਿੰਦਰ ਸਿੰਘ ਭੁੱਲਰ
ਮੋਬਾ: 098882 75913

"ਵਿਨੇਸ਼ ਫੋਗਾਟ ਤੂੰ ਹਾਰੀ ਨਹੀਂ, ਤੂੰ ਜੇਤੂ ਹੈਂ ! ਤੂੰ ਕਰੋੜਾਂ ਭਾਰਤੀਆਂ ਦਾ ਦਿਲ ਜਿੱਤਿਆ ਹੈ, ਤੂੰ ਉਹਨਾਂ ਦੇ ਹਿਰਦਿਆਂ ਵਿੱਚ ਵਸ ਗਈ ਐਂ, ਤੇਰੇ ਤੇ ਭਾਰਤੀਆਂ ਨੂੰ ਮਾਣ ਹੈ, ਤੇਰੇ ਨਾਲ ਹੋਏ ਧੋਖੇ ਤੋਂ ਸਭ ਭਲੀ ਭਾਂਤ ਜਾਣੂ ਹਨ, ਉਲੰਪਿਕ ਦੇ ਇੱਕ ਤ.ਗਮੇਂ ਨਾਲੋਂ ਸਮੁੱਚੇ ਭਾਰਤੀਆਂ ਦੇ ਦਿਲਾਂ ਦੇ ਤ.ਗਮੇ ਕਿਤੇ ਭਾਰੀ ਹਨ ਜੋ ਤੂੰ ਜਿੱਤ ਲਏ ਹਨ" ਇਹ ਸ਼ਬਦ ਕੇਵਲ ਮੇਰੇ ਦਿਲ ਦੇ ਅੰਦਰੋਂ ਉੱਠੇ ਹੋਏ ਨਹੀਂ ਹਨ ਇਹ ਸਮੁੱਚੇ ਭਾਰਤੀਆਂ ਦੀ ਆਵਾਜ਼ ਹੈ। ਬੀਬਾ ਫੋਗਾਟ ਖਿਡਾਰੀਆਂ ਦੀ ਜਿੱਤ ਹਾਰ ਲਈ ਹੌਂਸਲਾ ਸਭ ਤੋਂ ਮਹੱਤਵਪੂਰਨ ਹੁੰਦਾ ਹੈ, ਤੂੰ ਸਾਲਾਂ ਤੋਂ ਹੌਂਸਲੇ ਨਾਲ ਖੇਡ ਰਹੀ ਹੈਂ, ਏਸ਼ੀਆਈ ਤੇ ਰਾਸਟਰਮੰਡਲ ਖੇਡਾਂ ਵਿੱਚ ਸੋਨੇ ਦਾ ਤ.ਗਮਾ ਜਿੱਤ ਚੁੱਕੀ ਹੈਂ ਅਤੇ ਵਿਸਵ ਚੈਂਪੀਅਨਾਂ ਵਿੱਚ ਦੋ ਵਾਰ ਕਾਂਸੀ ਦਾ ਤ.ਗਮਾ ਜਿੱਤਿਆ ਹੈ। ਇਹਨਾਂ ਪੈਰਿਸ ਵਿੱਚ ਹੋ ਰਹੀਆਂ ਖੇਡਾਂ 'ਚ ਤੈਥੋਂ ਸੋਨ ਤ.ਗਮਾ ਜਿੱਤਣ ਦੀ ਵੱਡੀ ਆਸ ਸੀ, ਤੂੰ ਇਸ ਨਿਸ਼ਾਨੇ ਦੇ ਬਿਲਕੁੱਲ ਨਜਦੀਕ ਪਹੁੰਚ ਗਈ ਅਤੇ ਫਾਈਨਲ ਵਿੱਚ ਪਹੁੰਚਣ ਸਦਕਾ ਦੇਸ਼ ਲਈ ਇੱਕ ਤ.ਗਮਾ ਪੱਕਾ ਕਰ ਲਿਆ ਸੀ। ਫਾਈਨਲ ਵਿੱਚ ਹੋਏ ਮੁਕਾਬਲੇ ਵਿੱਚ ਭਾਵੇਂ ਭਾਰਤੀਆਂ ਨੂੰ ਉਮੀਦ ਸੀ ਕਿ ਤੂੰ ਜੇਤੂ ਹੋ ਕੇ ਸੋਨ ਤ.ਗਮਾ ਹਾਸਲ ਕਰਦੀ, ਪਰ ਜੇਕਰ ਮੈਚ ਹਾਰ ਵੀ ਜਾਂਦੀ ਤਾਂ ਚਾਂਦੀ ਦਾ ਤ.ਗਮਾ ਪੱਕਾ ਹੀ ਸੀ।

ਵਿਨੇਸ਼ ਫੋਗਾਟ ਤੂੰ ਪੰਜਾਹ ਕਿਲੋਗ੍ਰਾਮ ਭਾਰ ਦੀ ਖੇਡ ਖੇਡਦੀ ਸੀ, ਫਾਈਨਲ ਖੇਡ ਵਿੱਚ ਜਿੱਤ ਜਾਣ ਉਪਰੰਤ ਤੇਰੇ ਤੇ ਇਹ ਦੋਸ਼ ਲਾਇਆ ਗਿਆ ਹੈ ਕਿ ਤੇਰਾ ਭਾਰ ਸੌ ਗਰਾਮ ਵੱਧ ਹੈ। ਇਸ ਦੋਸ਼ ਨਾਲ ਤੈਨੂੰ ਕੇਵਲ ਹਾਰੀ ਹੋਈ ਕਰਾਰ ਨਹੀਂ ਦਿੱਤਾ ਬਲਕਿ ਕੁਸਤੀ ਮੁਕਾਬਲੇ ਵਿੱਚੋਂ ਹੀ ਬਾਹਰ ਕਹਿੰਦਿਆਂ ਤੇਰੀ ਮਿਹਨਤ ਮਿੱਟੀ ਵਿੱਚ ਰੋਲ ਦਿੱਤੀ ਗਈ। ਇਸ ਦਾ ਤੈਨੂੰ ਦੁੱਖ ਹੋਣਾ ਸੁਭਾਵਿਕ ਹੀ ਸੀ ਤੇ ਹੋਇਆ ਵੀ। ਪਰ ਇਹ ਦੁੱਖ ਕੇਵਲ ਤੈਨੂੰ ਨਹੀਂ ਸਮੁੱਚੇ ਭਾਰਤ ਵਾਸੀਆਂ ਨੂੰ ਹੈ। ਸੁਆਲ ਪੈਦਾ ਹੁੰਦਾ ਹੈ ਕਿ ਜੇਕਰ ਤੇਰਾ ਭਾਰ ਸੌ ਗਰਾਮ ਵੱਧ ਸੀ ਤਾਂ ਉਲੰਪਿਕ ਐਸੋਸੀਏਸਨ ਨੇ ਪੰਜਾਹ ਕਿਲੋ ਵਜਨ ਵਿੱਚ ਖੇਡਣ ਦੀ ਇਜਾਜਤ ਹੀ ਕਿਉਂ ਦਿੱਤੀ ? ਖੇਡ ਮੈਦਾਨ ਵਿੱਚ ਉੱਤਰਣ ਹੀ ਕਿਉਂ ਦਿੱਤਾ ਗਿਆ ? ਜੇਕਰ ਤੇਰਾ ਭਾਰ ਸਹੀ ਸੀ ਤਾਂ ਫੇਰ ਜਿੱਤਣ ਤੋਂ ਬਾਅਦ ਇਹ ਦੋਸ਼ ਕਿਉਂ ਮੜ੍ਹਿਆ ਗਿਆ ? ਇਸਤੋਂ ਇਹ ਸਪਸ਼ਟ ਹੈ ਕਿ ਤੇਰੇ ਨਾਲ ਧੋਖਾ ਹੋਇਆ ਹੈ, ਜੋ ਕਥਿਤ ਤੌਰ ਤੇ ਜਾਣਬੁੱਝ ਕੇ ਕੀਤਾ ਗਿਆ ਹੈ।

ਸੈਮੀ ਫਾਈਨਲ ਵਿੱਚ ਕਿਊਬਾ ਦੀ ਜਿਸ ਪਹਿਲਵਾਨ ਵਾਈ ਗੂਜ਼ਮੈਨ ਲੋਪੇਜ਼ ਨੂੰ ਤੂੰ ਹਰਾ ਦਿੱਤਾ ਸੀ, ਉਸਨੂੰ ਫਾਈਨਲ ਮੈਚ ਖੇਡਣ ਲਈ ਮੈਦਾਨ ਵਿੱਚ ਉਤਾਰਿਆ ਗਿਆ ਤੇ ਉਹ ਅਮਰੀਕਾ ਦੀ ਸਾਰਾ ਐਨ ਹਿਲਡਰਬ੍ਰਾਂਟ ਤੋਂ ਹਾਰ ਗਈ ਹੈ। ਭਾਰਤ ਵਾਸੀਆ ਨੂੰ ਉਮੀਦ ਹੀ ਨਹੀਂ ਯਕੀਨ ਹੈ ਕਿ ਜੇਕਰ ਅਜਿਹੀ ਧੋਖੇਬਾਜੀ ਨਾ ਹੁੰਦੀ ਤਾਂ ਤੂੰ ਸੋਨ ਤ.ਗਮਾ ਹਾਸਲ ਕਰ ਲੈਂਦੀ ਤੇ ਭਾਰਤ ਦਾ ਨਾਂ ਹੋਰ ਉੱਚਾ ਹੋ ਜਾਂਦਾ। ਵਿਨੇਸ ਤੈਨੂੰ ਮੈਦਾਨ ਚੋਂ ਬਾਹਰ ਕਰਨ ਸਦਕਾ ਸਮੂੱਚੇ ਭਾਰਤ ਵਾਸੀਆਂ ਦੇ ਹਿਰਦੇ ਵਲੂੰਧਰੇ ਗਏ ਹਨ, ਸਭਨਾਂ ਦੀਆਂ ਅੱਖਾਂ ਨਮ ਹਨ। ਬੀਤੇ ਦਿਨ ਲੋਕ ਸਭਾ ਅਤੇ ਰਾਜ ਸਭਾ ਦੇ ਸੈਸਨ ਵਿੱਚ ਵਿਰੋਧੀ ਧਿਰ ਵੱਲੋਂ ਤੈਨੂੰ ਆਯੋਗ ਕਰਾਰ ਦੇਣ ਦਾ ਮੁੱਦਾ ਉਠਾਉਣਾ ਚਾਹਿਆ ਸੀ ਤਾਂ ਉਸਨੂੰ ਰੋਕਣ ਦਾ ਯਤਨ ਹੋਇਆ, ਪਰ ਗੁੱਸੇ ਵਿੱਚ ਭਰੀ ਪੀਤੀ ਵਿਰੋਧੀ ਧਿਰ ਨੇ ਇਸ ਲੋਕਾਂ ਦੇ ਮਨਾਂ ਦੀ ਗੱਲ ਦੁਨੀਆਂ ਪੱਧਰ ਤੱਕ ਪਹੁੰਚਦੀ ਕਰਨ ਲਈ ਹੰਗਾਮਾਂ ਖੜਾ ਕਰ ਦਿੱਤਾ ਅਤੇ ਤੇਰੇ ਪੱਖ ਵਿੱਚ ਖੜੀ ਹੋ ਗਈ।



ਇਹ ਵੀ ਕੁਸਤੀ ਲਈ ਸੰਸਾਰਕ ਸੰਸਥਾ ਯੂਨਾਈਟਿਡ ਵਰਲਡ ਰੈਸਿਲੰਗ ਦੇ ਨਿਯਮਾਂ ਵਿੱਚ ਸ਼ਾਮਲ ਹੈ ਕਿ ਮੁਕਾਬਲੇ ਵਾਲੇ ਦਿਨ ਸਵੇਰੇ ਪਹਿਲਵਾਨਾਂ ਦਾ ਭਾਰ ਤੋਲਿਆ ਜਾਂਦਾ ਹੈ। ਭਾਰ ਤੋਲਣ ਸਮੇਂ ਅਜਿਹੇ ਪਹਿਲਵਾਨਾਂ ਕੋਲ 30 ਮਿੰਟ ਦਾ ਸਮਾਂ ਹੁੰਦਾ ਹੈ, ਜੇਕਰ ਉਸਦਾ ਭਾਰ ਕੁੱਝ ਗਰਾਮ ਵੱਧ ਹੋ ਜਾਵੇ ਤਾਂ ਉਹ ਭੱਜ ਕੇ, ਸਾਈਕਲ ਚਲਾ ਕੇ ਜਾਂ ਕਿਸੇ ਤਰ੍ਹਾਂ ਹੋਰ ਜੋਰ ਅਜ਼ਮਾਈ ਕਰਕੇ ਆਪਣਾ ਭਾਰ ਘਟਾ ਕੇ ਮੁੜ ਭਾਰ ਤੋਲਣ ਵਾਲੀ ਮਸ਼ੀਨ ਤੇ ਆ ਸਕਦੇ ਹਨ। ਇਹ ਵੀ ਸਪਸ਼ਟ ਹੈ ਕਿ ਖਿਡਾਰੀ ਜਿਨੀ ਵਾਰੀ ਮਰਜੀ ਮਸ਼ੀਨ ਤੇ ਪਹੁੰਚ ਕੇ ਭਾਰ ਤੋਲਾਈ ਕਰਵਾ ਸਕਦੇ ਹਨ। ਅਜਿਹਾ ਤਾਂ ਹੀ ਕੀਤਾ ਜਾਂਦਾ ਹੈ ਜੇ ਭਾਰ ਕੁੱਝ ਗਰਾਮ ਵੱਧ ਹੋਵੇ, ਜੇਕਰ ਵਿਨੇਸ ਦਾ ਭਾਰ ਇੱਕ ਸੌ ਗਰਾਮ ਵੱਧ ਸੀ ਤੇ ਉਸਨੇ ਵਰਜਿਸ਼ ਕਰਕੇ ਭਾਰ ਸਹੀ ਕਰਕੇ ਤੁਲਾਈ ਕਰਵਾ ਲਈ, ਫੇਰ ਬਾਅਦ ਵਿੱਚ ਉਸ ਨੂੰ ਆਧਾਰ ਕਿਉਂ ਬਣਾਇਆ ਗਿਆ ? ਇਸ ਵਿੱਚ ਹੀ ਸ਼ਾਜਿਸ ਤੇ ਬੇਈਮਾਨੀ ਦੀ ਬੋਅ ਆਉਂਦੀ ਹੈ। ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸੈਣੀ ਨੇ ਐਲਾਨ ਕੀਤਾ ਹੈ ਕਿ ਉਹ ਵਿਨੇਸ ਫੋਗਾਟ ਨੂੰ ਰਾਜ ਸਰਕਾਰ ਵੱਲੋਂ ਉਲੰਪਿਕ ਜੇਤੂ ਵਾਲੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਖੇਡ ਜਗਤ ਦੇ ਇੱਕ ਪ੍ਰਸਿੱਧ ਲੇਖਕ ਸ੍ਰ: ਸਰਬਣ ਸਿੰਘ ਵੱਲੋਂ ਨੂੰ ਉਸ ਦੀਆਂ ਜਿੰਦਗੀ ਭਰ ਦੀਆਂ ਖੇਡਾਂ ਤੇ ਸਾਹਿਤ ਵਿੱਚ ਕੀਤੀਆਂ ਪ੍ਰਾਪਤੀਆਂ ਸਦਕਾ ਪੰਜਾਬ ਦੀਆਂ ਮਿੰਨੀ ਉਲੰਪਿਕ ਮੰਨੀਆਂ ਜਾਂਦੀਆਂ ਖੇਡਾਂ 'ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਖੇਡਾਂ' ਵਿੱਚ 'ਖੇਡ ਰਤਨ ਐਵਾਰਡ' ਦਿੱਤਾ ਗਿਆ ਸੀ, ਜਿਸ ਵਿੱਚ ਸਵਾ ਦੋ ਤੋਲੇ ਦਾ ਸੋਨੇ ਦਾ ਤ.ਗਮਾ ਹੈ। ਸ੍ਰ: ਸਰਬਣ ਸਿੰਘ ਨੇ ਇਹ ਤ.ਗਮਾ ਇਸ ਮਾਣਮੱਤੀ ਧੀ ਵਿਨੇਸ ਫੋਗਾਟ ਨੂੰ ਦੇਣ ਦਾ ਐਲਾਨ ਕਰਕੇ ਆਪਣੀ ਜਿੰਦਗੀ ਦੀਆਂ ਸਾਰੀਆਂ ਪ੍ਰਾਪਤੀਆਂ ਵਿਨੇਸ ਦੀ ਝੋਲੀ ਪਾਉਣ ਦਾ ਫੈਸਲਾ ਲਿਆ ਹੈ। ਦੇਸ਼ ਭਰ ਵਿੱਚ ਸੰਸਥਾਵਾਂ ਵੱਲੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਕੇਂਦਰ ਸਰਕਾਰ ਵਿਨੇਸ ਫੋਗਾਟ ਨੂੰ ਜੇਤੂ ਮੰਨ ਕੇ ਉਲੰਪਿਕ ਜੇਤੂ ਖਿਡਾਰੀਆਂ ਵਾਲੀਆਂ ਸਾਰੀਆਂ ਸਹੂਲਤਾਂ ਤੇ ਇਨਾਮ ਪ੍ਰਦਾਨ ਕਰੇ। ਜੋ ਕੁੱਝ ਅਜਿਹਾ ਹੋ ਰਿਹਾ ਹੈ ਇਹ ਤੇਰੀ ਮਿਹਨਤ ਅਤੇ ਭਾਰਤੀ ਲੋਕਾਂ ਦੀ ਤੇਰੇ ਪ੍ਰਤੀ ਹਮਦਰਦੀ ਸਦਕਾ ਹੋ ਰਿਹਾ ਹੈ। ਵਿਨੇਸ ਫੋਗਾਟ ਅੱਗੇ ਲਈ ਵੀ ਦੇਸ਼ ਵਾਸੀਆਂ ਨੂੰ ਤੇਰੇ ਤੇ ਬਹੁਤ ਆਸ਼ਾਂ ਉਮੀਦਾਂ ਹਨ, ਇਸ ਲਈ ਤੈਨੂੰ ਖਿੰਡਿਆ ਹੋਇਆ ਆਪਣਾ ਹੌਂਸਲਾ ਇਕੱਠਾ ਕਰਨਾ ਚਾਹੀਦਾ ਹੈ ਅਤੇ ਲੋਕਾਂ ਦੀ ਇੱਛਾ ਅਨੁਸਾਰ ਤੈਨੂੰ ਕੁਸਤੀ ਤੋਂ ਸਨਿਆਸ ਲੈਣ ਵਾਲੇ ਫੈਸਲੇ ਤੇ ਮੁੜ ਗੌਰ ਕਰਨਾ ਚਾਹੀਦਾ ਹੈ। ਭਾਰਤੀ ਲੋਕ ਤੇਰੇ ਨਾਲ ਹਨ, ਤੂੰ ਫਿਰ ਤੋਂ ਕੁਸਤੀ ਅਖਾੜੇ ਵਿੱਚ ਦਾਖ਼ਲ ਹੋ ਕੇ ਇਸ ਤੋਂ ਵੱਧ ਭਾਰ ਦੇ ਮੁਕਾਬਲੇ ਲਈ ਤਿਆਰੀ ਸੁਰੂ ਕਰ। ਲੋਕਾਂ ਦਾ ਅਸ਼ੀਰਵਾਦ ਤੇ ਤ.ਗਮੇ ਤਾਂ ਤੇਰੇ ਸਿਰ ਤੇ ਮੀਂਹ ਵਾਂਗ ਵਰ੍ਹਦੇ ਰਹਿਣਗੇ।

# ਪਤਾ ਨਹੀਂ ਕੀ ਧੂੜਦੇ ਹਨ ਬਾਬੇ ਚੇਲਿਆਂ ਦੇ ਸਿਰਾਂ 'ਚ ?



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਬਾਬੇ ਆਪਣੇ ਭਗਤਾਂ 'ਤੇ ਅਜਿਹਾ ਕੀ ਜਾਦੂ ਕਰ ਦੇਂਦੇ ਹਨ ਕਿ ਉਹ ਉਸ ਖਾਤਰ ਮਰਨ ਮਾਰਨ ਲਈ ਤਿਆਰ ਹੋ ਜਾਂਦੇ ਹਨ। ਬਾਬਾ ਚਾਹੇ ਬਲਾਤਕਾਰ ਦੇ ਕੇਸ ਵਿੱਚ ਜੇਲ੍ਹ ਜਾਵੇ ਜਾਂ ਕਤਲ ਕੇਸ ਵਿੱਚ, ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਕੋਈ ਕਮੀ ਨਹੀਂ ਆਉਂਦੀ। ਇਸ ਦੀ ਤਾਜ਼ਾ ਮਿਸਾਲ 7 ਜੁਲਾਈ ਨੂੰ ਉੱਤਰ ਪ੍ਰਦੇਸ਼ ਦੇ ਫੁਲਰਈ ਪਿੰਡ (ਜਿਲ੍ਹਾ ਹਾਥਰਸ) ਸੂਰਜ ਪਾਲ ਉਰਫ ਭੋਲੇ ਬਾਬਾ ਉਰਫ ਨਰਾਇਣ ਸਕਾਰ ਵਿਸ਼ਵ ਹਰੀ ਦੇ ਸਮਾਗਮ ਵਿੱਚ ਹੋਈ ਭਗਦੜ ਤੋਂ ਮਿਲਦੀ ਹੈ ਜਿਸ ਵਿੱਚ ਬੱਚਿਆਂ ਤੇ ਔਰਤਾਂ ਸਮੇਤ 123 ਵਿਅਕਤੀ ਮਾਰੇ ਗਏ ਤੇ 150 ਜਖਮੀ ਹੋ ਗਏ। ਵੱਡੇ ਰਾਜਨੀਤਕ ਪ੍ਰਭਾਵ ਵਾਲੇ ਬਾਬੇ 'ਤੇ ਤਾਂ ਕਿੱਥੋਂ ਮੁਕੱਦਮਾ ਦਰਜ਼ ਹੋਣਾ ਸੀ, ਇਸ ਕਾਂਡ ਵਿੱਚ ਆਪਣੇ ਧੀਆਂ ਪੁੱਤਰ ਗਵਾ ਚੁੱਕੇ ਉਸ ਦੇ ਸ਼ਰਧਾਲੂਆਂ ਦੇ ਪ੍ਰਤੀਕਰਮ ਹੈਰਾਨ ਕਰ ਦੇਣ ਵਾਲੇ ਸਨ। ਇੱਕ ਸ਼ਰਧਾਲੂ ਜਿਸ ਦੀ ਪਤਨੀ ਅਤੇ ਇੱਕ ਬੇਟਾ ਮਾਰੇ ਗਏ ਸਨ, ਕਹਿ ਰਿਹਾ ਸੀ ਕਿ ਚਾਹੇ ਮੈਂ ਤੇ ਮੇਰੇ ਬਚੇ ਹੋਏ ਦੋਵੇਂ ਬੱਚੇ ਵੀ ਮਰ ਜਾਂਦੇ, ਭੋਲੇ ਬਾਬਾ ਸਾਡੇ ਲਈ ਭਗਵਾਨ ਹੈ। ਇਹੋ ਜਿਹੇ ਵਿਚਾਰ ਹੀ ਬਾਕੀ ਸਭ ਲੋਕਾਂ ਦੇ ਸਨ। ਉਹ ਗੱਲ ਵੱਖਰੀ ਹੈ ਕਿ ਬਾਬਾ ਅਜੇ ਤੱਕ ਨਾ ਤਾਂ ਜ਼ਖਮੀਆਂ ਜਾਂ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਅਫਸੋਸ ਕਰਨ ਗਿਆ ਹੈ ਤੇ ਨਾ ਹੀ ਉਨ੍ਹਾਂ ਦੀ ਕੋਈ ਆਰਥਿਕ ਮੱਦਦ ਕੀਤੀ ਹੈ।

ਭਾਰਤ ਵਿੱਚ ਹਫਤੇ ਦਸਾਂ ਦਿਨਾਂ ਬਾਅਦ ਕੋਈ ਨਾ ਕੋਈ ਅਜਿਹਾ ਬਾਬਾ, ਧਰਮ ਪ੍ਰਚਾਰਕ ਅਤੇ ਅਵਤਾਰ ਪ੍ਰਗਟ ਹੁੰਦਾ ਹੀ ਰਹਿੰਦਾ ਹੈ ਜੋ ਲੱਖਾਂ ਲੋਕਾਂ ਨੂੰ ਆਪਣੇ ਮਗਰ ਲਗਾ ਕੇ ਕੁੱਝ ਹੀ ਮਹੀਨਿਆਂ ਵਿੱਚ ਫਾਈਵ ਸਟਾਰ ਆਸ਼ਰਮਾਂ, ਵਿਦੇਸ਼ੀ ਮਹਿੰਗੀਆਂ ਗੱਡੀਆਂ ਤੇ ਸੁੰਦਰੀਆਂ ਦਾ ਮਾਲਕ ਬਣ ਜਾਂਦਾ ਹੈ। ਇਹ ਬਾਬੇ ਵੱਖ ਵੱਖ ਜ਼ਾਤਾਂ ਵਿੱਚੋਂ ਆਉਂਦੇ ਹਨ ਤੇ ਇਨ੍ਹਾਂ ਦੇ ਸ਼ੁਰੂਆਤੀ ਚੇਲੇ ਆਪਣੀ ਹੀ ਜ਼ਾਤ ਦੇ ਹੁੰਦੇ ਹਨ। ਜਦੋਂ ਧੰਦਾ ਚੱਲ ਨਿਕਲਦਾ ਹੈ ਤਾਂ ਬਾਬੇ ਦੇ ਚਮਤਕਾਰਾਂ ਬਾਰੇ ਚੇਲਿਆਂ ਦੁਆਰਾ ਫੈਲਾਏ ਗਏ ਕੁਫਰ ਕਾਰਨ ਹੋਰ ਜ਼ਾਤਾਂ ਧਰਮਾਂ ਦੇ ਲੋਕ ਵੀ ਉਸ ਦੇ ਪਿੱਛੇ ਲੱਗ ਜਾਂਦੇ ਹਨ। ਜਿਆਦਾਤਰ ਬਾਬੇ ਪਿੱਛੜਿਆਂ ਅਤੇ ਦਲਿਤਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਸਮਾਜ ਦੇ ਇਹ ਘੱਟ ਪੜ੍ਹੇ ਲਿਖੇ ਤੇ ਗਰੀਬ ਵਰਗ ਸਦੀਆਂ ਤੋਂ ਸਾਡੀਆਂ ਰੂੜੀਵਾਦੀ ਕਥਿੱਤ ਉੱਚੀਆਂ ਜ਼ਾਤਾਂ ਤੇ ਪੁਜਾਰੀਆਂ ਵੱਲੋਂ ਦੱਬੇ ਕੁਚਲੇ ਜਾਂਦੇ ਰਹੇ ਹਨ। ਇਹ ਲੋਕ ਸਿਰਫ ਇਸ ਕਾਰਨ ਬਾਬਿਆਂ ਦੇ ਮਗਰ ਲੱਗ ਜਾਂਦੇ ਹਨ ਕਿ ਸ਼ਾਇਦ ਬਾਬੇ ਦਾ ਕੋਈ ਚਮਤਕਾਰ ਉਨ੍ਹਾਂ ਦੀ ਜ਼ਿੰਦਗੀ ਬਦਲ ਦੇਵੇ। ਇਸ ਸਬੰਧੀ ਜੈ ਗੁਰੂਦੇਵ ਅਤੇ ਨਰਾਇਣ ਸਾਕਾਰ ਹਰੀ ਆਦਿ ਬਾਬਿਆਂ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਸਾਕਾਰ ਹਰੀ ਖੁਦ ਜਾਟਵ ਜ਼ਾਤ ਦਾ ਹੈ ਜੋ ਸ਼ਡਿਊਲਡ ਕਾਸਟ ਵਿੱਚ ਆਉਂਦੀ ਹੈ। ਇਸ ਕਾਰਨ ਹੀ ਇਸ ਦਾ ਜਿਆਦਾ ਪ੍ਰਭਾਵ ਪੱਛਮੀ ਯੂ.ਪੀ. ਦੇ ਜਾਟਵ ਅਤੇ ਹੋਰ ਪਿਛੜੀਆ ਜ਼ਾਤੀਆਂ ਵਿੱਚ ਜਿਆਦਾ ਹੈ।

ਇਹ ਨਹੀਂ ਕਿ ਬਾਬਿਆਂ ਦਾ ਪ੍ਰਭਾਵ ਸਿਰਫ ਗਰੀਬਾਂ ਅਤੇ ਅਨਪੜ੍ਹਾਂ ਵਿੱਚ ਹੈ, ਲੱਖਾਂ ਕਰੋੜਪਤੀ, ਅਫਸਰ ਅਤੇ ਨੇਤਾ ਇਨ੍ਹਾਂ ਦੇ ਪੈਰਾਂ ਵਿੱਚ ਲੇਟਦੇ ਹਨ। ਉਸ ਦਾ ਕਰਨ ਇਹ ਹੈ ਕਿ ਜਿਆਦਾਤਰ ਅਫਸਰ ਅਤੇ ਲੀਡਰ ਗਰੀਬ ਜਾਂ ਮੱਧ ਵਰਗੀ ਪਰਿਵਾਰਾਂ ਵਿੱਚੋਂ ਆਉਂਦੇ ਸਨ। ਗਰੀਬ ਆਦਮੀ ਜਦੋਂ ਤਰੱਕੀ ਕਰ ਜਾਂਦਾ ਹੈ ਤਾਂ ਉਸ ਨੂੰ ਹਮੇਸ਼ਾਂ ਇਹ ਡਰ ਲੱਗਾ ਰਹਿੰਦਾ ਹੈ ਕਿ ਕਿਤੇ ਉਹ ਦੁਬਾਰਾ ਪਹਿਲਾਂ ਵਾਲੇ ਹਾਲਾਤ ਵਿੱਚ ਨਾ ਪਹੁੰਚ ਜਾਵੇ। ਬਾਬੇ ਦੀਆਂ ਕਥਿੱਤ ਚਮਤਕਾਰੀ ਸ਼ਕਤੀਆਂ ਕਾਰਨ ਉਸ ਨੂੰ ਹੌਸਲਾ ਰਹਿੰਦਾ ਹੈ ਕਿ ਬਾਬੇ ਦੀ ਮਿਹਰ ਸਦਕਾ ਸਭ ਠੀਕ ਰਹੇਗਾ। ਜਿਆਦਾਤਰ ਬਾਬੇ ਮਾਨਵ ਧਰਮ ਅਤੇ ਬਰਾਬਰੀ ਦਾ ਉਪਦੇਸ਼ ਦੇਂਦੇ ਹਨ। ਜਦੋਂ ਸਧਾਰਨ ਲੋਕ ਇਨ੍ਹਾਂ ਦੇ ਸਮਾਗਮਾਂ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਬਾਕੀ ਸਮਾਜ ਨਾਲ ਬਰਾਬਰੀ ਦੀ ਭਾਵਨਾ ਮਹਿਸੂਸ ਹੁੰਦੀ ਹੈ। ਭਾਰਤ ਵਿੱਚ ਇਸ ਵੇਲੇ ਇਲਾਜ ਬਹੁਤ ਮਹਿੰਗਾ ਹੋ ਗਿਆ ਹੈ। ਗਰੀਬ ਲੋਕਾਂ ਨੂੰ ਲੱਗਦਾ ਹੈ ਕਿ ਬਾਬਾ ਆਪਣੀਆਂ ਚਮਤਕਾਰੀ ਸ਼ਕਤੀਆਂ ਨਾਲ ਉਨ੍ਹਾਂ ਦੇ ਕਿਸੇ ਸਰੀਰਕ ਜਾਂ ਮਾਨਸਿਕ ਬਿਮਾਰੀ ਨਾਲ ਜਕੜੇ ਹੋਏ ਪਰਿਵਾਰਿਕ ਮੈਂਬਰ ਨੂੰ ਠੀਕ ਕਰ ਦੇਵੇਗਾ ਤੇ ਉਨ੍ਹਾਂ ਦਾ ਖਰਚਾ ਬਚ ਜਾਵੇਗਾ। ਪਿਛਲੇ ਸਾਲ ਡੇਢ ਸਾਲ ਤੋਂ ਪ੍ਰਸਿੱਧ ਹੋਇਆ ਮੱਧ ਪ੍ਰਦੇਸ਼ ਦਾ ਇੱਕ ਨੌਜਵਾਨ ਬਾਬਾ ਅਜਿਹੇ ਪਾਖੰਡ ਕਰ ਕੇ ਹੀ ਲੋਕਾਂ ਨੂੰ ਲੁੱਟ ਰਿਹਾ ਹੈ। ਕਿਸੇ ਦੇ ਭੂਤ ਕੱਢ ਦੇਂਦਾ ਹੈ ਤੇ ਕਿਸੇ ਦਾ ਉਸ ਦੀ ਫੇਸਬੁੱਕ ਵੇਖ ਕੇ ਹੀ ਅਗਲਾ ਪਿਛਲਾ ਹਿਸਾਬ ਦੱਸ ਦੇਂਦਾ ਹੈ।

ਲੋਕਾਂ ਨੂੰ ਵਿਸ਼ਵਾਸ਼ ਹੁੰਦਾ ਹੈ ਕਿ ਬਾਬੇ ਦੀ ਅਲੌਕਿਕਤਾ ਉਨ੍ਹਾਂ ਦੇ ਸ਼ਾਦੀ, ਵਿਆਹ, ਜੀਵਨ, ਮਰਨ ਵਿੱਚ ਮਦਦ ਕਰੇਗੀ। ਸਾਕਾਰ ਹਰੀ ਦੇ ਸਮਾਗਮ ਵਿੱਚ ਮਰਨ ਵਾਲੇ ਅਨੇਕਾਂ ਲੋਕਾਂ ਕੋਲੋਂ ਉਨ੍ਹਾਂ ਦੇ ਬੱਚਿਆਂ ਦੇ ਵਿਆਹ ਦੇ ਕਾਰਡ ਜਾਂ ਫੋਟੋਆਂ ਮਿਲੀਆਂ ਹਨ ਜਿਨ੍ਹਾਂ ਵਾਸਤੇ ਬਾਬੇ ਤੋਂ ਅਸ਼ੀਰਵਾਦ ਲੈਣਾ ਸੀ। ਅਮੀਰ ਸ਼ਰਧਾਲੂਆਂ ਨੂੰ ਆਪਣੇ ਕਾਬੂ ਵਿੱਚ ਰੱਖਣ ਲਈ ਬਾਬੇ ਇੱਕ ਹੋਰ ਹਰਬਾ ਵਰਤਦੇ ਹਨ। ਕਿਉਂਕਿ ਉਨ੍ਹਾਂ ਦੀ ਪਹੁੰਚ ਸਿੱਧੀ ਵੱਡੇ ਨੇਤਾਵਾਂ, ਮੁੱਖ ਮੰਤਰੀਆਂ 'ਤੇ ਮੰਤਰੀਆਂ ਤੱਕ ਹੁੰਦੀ ਹੈ, ਇਸ ਲਈ ਉਹ ਆਪਣੇ ਭਗਤਾਂ ਲਈ ਸਰਕਾਰੀ ਠੇਕੇ ਲੈਣ, ਨੌਕਰੀ ਪ੍ਰਾਪਤ ਕਰਨ, ਬਦਲੀਆਂ ਅਤੇ ਪੋਸਟਿੰਗ ਆਦਿ ਵਿੱਚ ਮਦਦ ਕਰ ਦੇਂਦੇ ਹਨ। ਪੰਜਾਬ ਪੁਲਿਸ ਦਾ ਇੱਕ ਚੋਟੀ ਦਾ ਅਫਸਰ ਫਤਿਹਗੜ੍ਹ ਸਾਹਿਬ ਜਿਲ੍ਹੇ ਦੇ ਇੱਕ ਪ੍ਰਸਿੱਧ ਬਾਬੇ ਦਾ ਪਰਮ ਭਗਤ ਸੀ। ਉਸ ਦੀ ਵੇਖਾ ਵੇਖੀ ਕਈ ਜੂਨੀਅਰ ਅਫਸਰ ਵੀ ਉਸ ਬਾਬੇ ਦੇ ਗੋਡੇ ਘੁੱਟਣ ਲੱਗ ਪਏ ਤੇ ਉਸ ਅਫਸਰ ਦੇ ਗੁਰ ਭਾਈ ਬਣ ਬੈਠੇ। ਜਦ ਤੱਕ ਉਹ ਅਫਸਰ ਰਿਟਾਇਰ ਨਾ ਹੋਇਆ, ਉਹ ਬਾਬੇ ਦੀ ਕ੍ਰਿਪਾ ਨਾਲ ਮਲਾਈਦਾਰ ਪੋਸਟਾਂ ਦਾ ਸੁੱਖ ਮਾਣਦੇ ਰਹੇ। ਅਜਿਹੇ ਲੋਕਾਂ ਲਈ ਤਾਂ ਬਾਬਾ ਰੱਬ ਦਾ ਰੂਪ ਹੁੰਦਾ ਹੈ ਤੇ ਉਸ ਦੇ ਮੂੰਹੋਂ ਨਿਕਲਿਆ ਹਰ ਸ਼ਬਦ ਇਲਾਹੀ ਹੁਕਮ ਹੁੰਦਾ ਹੈ। ਸਮਾਗਮਾਂ ਤੋਂ ਇਲਾਵਾ ਇਨ੍ਹਾਂ ਬਾਬਿਆਂ ਦੀਆਂ ਰਿੱਧੀਆਂ, ਸਿੱਧੀਆਂ ਅਤੇ ਚਮਤਕਾਰਾਂ ਬਾਰੇ ਰੱਜ ਕੇ ਮੌਖਿਕ, ਸੋਸ਼ਲ ਮੀਡੀਆ ਅਤੇ ਟੀਵੀ ਚੈਨਲਾਂ ਰਾਹੀਂ ਪ੍ਰਚਾਰ ਕੀਤਾ ਜਾਂਦਾ ਹੈ। ਹਰੀ ਚਟਨੀ, ਲਾਲ ਚਟਨੀ ਤੇ ਸਮੋਸੇ ਆਦਿ ਖਵਾ ਕੇ ਵਿਗੜੇ ਕੰਮ ਸਵਾਰਨ ਵਾਲਾ ਨਿਰਮਲ ਬਾਬਾ, ਬਾਬਾ ਰਾਮਦੇਵ ਅਤੇ ਬਗੇਸ਼ਵਰ ਬਾਬਾ ਸੋਸ਼ਲ ਮੀਡੀਆ ਅਤੇ ਟੀਵੀ ਚੈਨਲਾਂ ਦੀ ਹੀ ਪੈਦਾਇਸ਼ ਹਨ। ਲੋਕ ਬਾਬਿਆਂ ਦੀਆਂ ਕਰਤੂਤਾਂ ਬਹੁਤ ਜਲਦੀ ਭੁੱਲ ਜਾਂਦੇ ਹਨ। ਬਹੁਤ ਸਾਲ ਪਹਿਲਾਂ ਝਬਾਲ ਨੇੜੇ ਇੱਕ ਡੇਰੇ ਦਾ ਬਾਬਾ ਬਲਾਤਕਾਰ ਦੇ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਜਦੋਂ ਪੁਲਿਸ ਉਸ ਨੂੰ ਡੇਰੇ ਤੋਂ ਲਿਜਾ ਰਹੀ ਸੀ ਤਾਂ ਜਨਾਨੀਆਂ ਭੱਜ ਭੱਜ ਕੇ ਉਸ ਦੇ ਪੈਰਾਂ ਨੂੰ ਚੰਬੜ ਰਹੀਆਂ ਸਨ। ਇਸੇ ਤਰਾਂ ਸਕਾਰ ਹਰੀ ਦੇ ਖਿਲਾਫ ਵੀ ਦੋ ਤਿੰਨ ਸਾਲ ਪਹਿਲਾਂ ਡਰੱਗਜ਼ ਐਂਡ ਰੈਮੀਡੀਜ਼ ਐਕਟ ਅਧੀਨ ਮੁਕੱਦਮਾ ਦਰਜ਼ ਹੋਇਆ ਸੀ। ਉਸ ਨੇ ਆਪਣੇ ਕੁੱਝ ਮੁਸ਼ਟੰਡੇ ਚੇਲਿਆਂ ਨਾਲ ਇੱਕ ਮ੍ਰਿਤਕ ਲੜਕੀ ਦੇ ਅੰਤਿਮ ਸੰਸਕਾਰ ਸਮੇਂ ਇਹ ਕਹਿ ਕੇ ਖਰੂਦ ਮਚਾਇਆ ਸੀ ਕਿ ਉਹ ਇਸ ਲੜਕੀ ਨੂੰ ਜ਼ਿੰਦਾ ਕਰ ਸਕਦਾ ਹੈ। ਲੋਕ ਅਜੇ ਵੀ ਮੰਨਦੇ ਹਨ ਕਿ ਜੇ ਕਿਤੇ ਪੁਲਿਸ ਦਖਲ ਅੰਦਾਜ਼ੀ ਨਾ ਕਰਦੀ ਤਾਂ ਬਾਬੇ ਨੇ ਉਹ ਲੜਕੀ ਜ਼ਿੰਦਾ ਦੇਣੀ ਸੀ। ਭਗਤਾਂ ਦਾ ਬਾਬੇ 'ਤੇ ਅਟੱਲ ਵਿਸ਼ਵਾਸ਼ ਹੁੰਦਾ ਹੈ ਕਿ ਉਹ ਉਨ੍ਹਾਂ ਦੀਆਂ ਮੁਸੀਬਤਾਂ ਹੱਲ ਕਰ ਸਕਦਾ ਹੈ। ਬਾਬੇ ਦੀ ਛੋਹ, ਉਸ ਦੀ ਚਰਨ ਧੂੜੀ, ਫੂਕ ਮਾਰ ਕੇ ਦਿੱਤਾ ਪਾਣੀ ਜਾਂ ਪ੍ਰਸ਼ਾਦ ਉਨ੍ਹਾਂ ਦੇ ਸਾਰੇ ਦੁੱਖ ਦਲਿੱਦਰ ਚੁੱਕ ਦੇਵੇਗਾ। ਸਾਕਾਰ ਹਰੀ ਦੀ ਚਰਨ ਧੂੜ ਲੈਣ ਦੀ ਹੋੜ ਨੇ ਹੀ 125 ਭਗਤਾਂ ਦੀ ਮੁਕਤੀ ਕੀਤੀ ਹੈ। ਇੱਕ ਹੋਰ ਬਹੁਤ ਵੱਡਾ ਪਾਖੰਡ ਚੱਲਦਾ ਹੈ ਕਿ ਬਾਬੇ ਨੇ ਫਲਾਣੇ ਦਾ ਕਸ਼ਟ ਆਪਣੇ 'ਤੇ ਲੈ ਲਿਆ ਜਿਸ ਕਾਰਨ ਉਹ ਬਿਮਾਰ ਹੋ ਗਿਆ ਹੈ। ਭਾਵੇਂ ਮੁਫਤ ਦਾ ਦੇਸੀ ਘਿਉ ਵੱਧ ਮਾਤਰਾ ਵਿੱਚ ਖਾਣ ਨਾਲ ਬਾਬੇ ਨੂੰ ਮਰੋੜ ਹੀ ਲੱਗੇ ਹੋਣ। 1998 – 99 ਵਿੱਚ ਮੈਂ ਡੀ.ਐਸ.ਪੀ. ਪਾਇਲ ਸੀ ਤੇ ਉਥੇ ਡੇਰਿਆਂ ਦੀ ਭਰਮਾਰ ਹੈ। ਉਨ੍ਹਾਂ ਡੇਰਿਆਂ ਦੀ ਕੜਕ ਮੜਕ ਵੇਖ ਕੇ ਇੱਕ ਅਣਪੜ੍ਹ ਜਿਹੇ ਬਾਬੇ ਨੇ ਵੀ ਨਹਿਰ ਕਿਨਾਰੇ ਸਰਕਾਰੀ ਜ਼ਮੀਨ 'ਤੇ ਕਬਜ਼ਾ ਕਰ ਕੇ ਆਪਣਾ ਡੇਰਾ ਕਾਇਮ ਕਰ ਲਿਆ। ਜੈਸਾ ਬਾਬਾ, ਵੈਸੇ ਹੀ ਬਾਬੇ ਦੇ ਚੇਲੇ ਚਾਟੜੇ ਬਣ ਗਏ। ਇੱਕ ਦਿਨ ਇੱਕ ਚੇਲਾ ਆਪਣੀ ਨਵੀਂ ਖਰੀਦੀ ਨਵੀਂ ਜੀਪ ਵਿੱਚ ਬਾਬੇ ਦੇ ਚਰਨ ਪਵਾਉਣ ਲਈ ਡੇਰੇ ਪਹੁੰਚ ਗਿਆ। ਬਾਬੇ ਨੂੰ ਤਾਂ ਸਕੂਟਰ ਵੀ ਨਹੀਂ ਸੀ ਚਲਾਉਣਾ ਆਉਂਦਾ, ਉਸ ਨੇ ਬਿਨਾਂ ਕੁਝ ਸੋਚੇ ਸਮਝੇ ਡਰਾਈਵਰ ਸੀਟ 'ਤੇ ਬੈਠ ਕੇ ਸੈਲਫ ਮਾਰ ਦਿੱਤੀ। ਗੱਡੀ ਪਹਿਲਾਂ ਹੀ ਗੇਅਰ ਵਿੱਚ ਪਈ ਹੋਈ ਸੀ। ਬਾਬੇ ਨੇ ਬਰੇਕ ਦੀ ਬਜਾਏ ਰੇਸ ਦੱਬ ਦਿੱਤੀ ਤੇ ਗੱਡੀ ਖਤਾਨਾਂ ਵਿੱਚ ਜਾ ਡਿੱਗੀ। ਚੇਲਿਆਂ ਨੂੰ ਥੋੜ੍ਹੀਆਂ ਬਹੁਤੀਆਂ ਸੱਟਾਂ ਲੱਗੀਆਂ ਪਰ ਬਾਬੇ ਦੀ ਸੱਜੀ ਬਾਂਹ ਟੁੱਟ ਗਈ। ਸਾਰੇ ਪਾਸੇ ਬਾਬੇ ਦੀ ਬੱਲੇ ਬੱਲੇ ਹੋ ਗਈ ਕਿ ਉਸ ਨੇ ਭਗਤ 'ਤੇ ਆਉਣ ਵਾਲਾ ਕਸ਼ਟ ਆਪਣੇ 'ਤੇ ਲੈ ਲਿਆ, ਨਹੀਂ ਤਾਂ ਭਗਤ ਦੀ ਕਿਸੇ ਐਕਸੀਡੈਂਟ ਵਿੱਚ ਮੌਤ ਹੋ ਜਾਣੀ ਸੀ। ਇਥੇ ਬਾਬਾ ਸੀਚੇਵਾਲ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲੇ ਅਤੇ ਖਾਲਸਾ ਏਡ ਆਦਿ ਵਰਗੇ ਸੱਚੇ ਲੋਕ ਸੇਵਕ ਵੀ ਹਨ ਤੇ ਲੋਕਾਂ ਦੇ ਦੁੱਖਾਂ ਤੋਂ ਫਾਇਦਾ ਉਠਾਉਣ ਵਾਲੇ ਠੱਗ ਵੀ। ਜਨਤਾ ਨੂੰ ਚਾਹੀਦਾ ਹੈ ਕਿ ਉਹ ਮਨੁੱਖਤਾ ਦੇ ਸੱਚੇ ਸੇਵਕਾਂ ਦੀ ਪਹਿਚਾਣ ਕਰਨ ਅਤੇ ਠੱਗਾਂ ਤੋਂ ਬਚ ਕੇ ਰਹਿਣ।




# ਬਿਨਾਂ ਮੁਕਾਬਲਾ ਪੇਸ਼ਕਸ਼ਾਂ ਦੇ ਹੁਣੇ ਖਰੀਦੋ

**ADVANTAGES OF BUYING PRESALES**


- **Your home, your way -** ਆਪਣਾ ਫਲੋਰ ਪਲਾਨ ਆਪ ਚੁਣੋ, ਮੇਨ ਫਲੋਰ ਉੱਪਰ ਫੁੱਲ ਵਾਸ਼ਰੂਮ ਦੇ ਨਾਲ ਇੱਕ ਸਪਾਈਸ ਕਿਚਨ ਜਾਂ ਬੈੱਡਰੂਮ ਸ਼ਾਮਿਲ ਕਰਨ ਦੀ ਚੋਣ ਕਰੋ।
- **Customization options -** ਰੰਗ ,ਲਾਈਟਾਂ ਅਤੇ ਹਾਰਡਵੇਅਰ ਤੁਸੀਂ ਆਪਣੀ ਇੱਛਾ ਅਨੁਸਾਰ ਵੀ ਚੁਣ ਸਕਦੇ ਹੋ!
- **Best of all, no competing offers**

**Starting from High $600's Excl. GST.**

ਸਾਡੇ ਆਧੁਨਿਕ ਸਿੰਗਲ ਫੈਮਿਲੀ ਹੋਮ ਸਮਕਾਲੀ ਬਾਹਰੀ ਆਰਕੀਟੈਕਚਰ ਅਤੇ ਉੱਚ-ਅੰਤ ਦੇ ਅੰਦਰੂਨੀ ਹਿੱਸੇ ਪੇਸ਼ ਕਰਦੇ ਹਨ। ਇਹ ਘਰ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ। ਮੌਰਟਗੇਜ ਸਹਾਇਕ ਵਜੋਂ ਸੇਵਾ ਕਰਨ ਜਾਂ ਬਹੁ-ਪੀੜ੍ਹੀ ਜੀਵਨ ਸ਼ੈਲੀ ਨੂੰ ਪੂਰਕ ਕਰਨ ਲਈ ਵਿਕਲਪਿਕ 1 ਜਾਂ 2 ਬੈੱਡ ਵਾਲੇ ਕਾਨੂੰਨੀ ਬੇਸਮੈਂਟ ਸੂਟ ਉਪਲਬਧ ਹਨ। ਘਰ ਦੀਆਂ ਹੋਰ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਮਸਾਲੇ ਦੀ ਰਸੋਈ ਅਤੇ ਮੁੱਖ 'ਤੇ ਬੈੱਡਰੂਮ ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਉਪਲਬਧ ਹਨ।

ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!


Den


Great Room


Kitchen


Walk-in Spice Kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**


VESTA PROPERTIES

# VESTA ELEVATE COLLECTION

AT COOPER'S CROSSING

## ਆਪਣੇ ਜੀਵਨ ਪੱਧਰ ਨੂੰ ਉੱਚਾ ਚੁੱਕੋ

ਵੇਸਟਾ ਐਲੀਵੇਟ 'ਤੇ ਪੁਰਸਕਾਰ ਜੇਤੂ ਘਰਾਂ ਦੇ ਨਾਲ ਲਗਜ਼ਰੀ ਰਹਿਣ ਦੇ ਸਿਖਰ ਦੀ ਅਜਿਹੀ ਖੋਜ ਕਰੋ। ਜੋ ਸੰਗ੍ਰਹਿ, ਕੂਪਰਜ਼ ਕਰਾਸਿੰਗ ਦੇ ਵੱਕਾਰੀ, ਪੁਰਸਕਾਰ ਜੇਤੂ ਭਾਈਚਾਰੇ ਵਿੱਚ ਸਥਿਤ ਹੈ। ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਸ਼ਾਨਦਾਰ ਢੰਗ ਨਾਲ ਤਿਆਰ ਕੀਤਾ ਗਿਆ 3-ਮੰਜ਼ਲਾ ਵਿਲੇਜ ਟਾਊਨਹੋਮਜ਼, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਜ਼, ਅਤੇ ਮਾਸਟਰ-ਆਨਮੇਨ ਬੰਗਲੇ। ਆਲੀਸ਼ਾਨ ਇੰਟੀਰੀਅਰ ਦੇ ਨਾਲ ਆਧੁਨਿਕ ਸਮਕਾਲੀ ਮੋਨਾਰਕ ਕੰਡੋ ਦੀ ਵਿਸ਼ੇਸ਼ਤਾ ਵੀ ਹੈ।
4,500 ਵਰਗ ਫੁੱਟ ਤੋਂ ਵੱਧ ਉੱਚੀਆਂ ਅੰਦਰੂਨੀ ਸਹੂਲਤਾਂ ਦੇ ਨਾਲ ਮੁਕੰਮਲ ਅਤੇ ਵਿਲੱਖਣ ਬਾਹਰੀ ਆਰਕੀਟੈਕਚਰ।







**BRIMSTONE**
TOWNHOMES AT COOPER'S CROSSING
**3-STOREY TOWNHOMES**

3 Bedrooms | 2.5 Bath
1,565 – 1,602 sq. ft.
Covered deck off the kitchen and a second balcony off the master bedroom




2-STOREY TOWNHOMES

3 Bedrooms + Loft | 2.5 Bath
1,782 – 1,846 sq.ft.
Corner units offering master-on-main living option
Double car garage




LUXURY URBAN CONDOS

2 condo buildings
4 Storeys each
106 condos + 2 townhome units
670 - 1,198 SQ.FT.
**More amenities to be announced**




BUNGALOW VILLAS

Master-on-Main Living
1 Bedroom + Flex | 2 Bath
1,410 SQ.FT. + 1,388 SQ. FT.
Double front attached garage

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

VESTA PROPERTIES

Renderings are artistic concept only and subject to change without notice.

**VESTAELEVATE.COM**

# ਕਾਗਜ਼ੀ ਵਿਚੋਲਪੁਣਾ

## ਲੜਕੀ ਦੀ ਲੋੜ

10 ਸਾਲ ਦੇ ਮਲਟੀਪਲ ਵਿਜਟਿਰ ਵੀਜੇ ਉੱਪਰ ਕਨੇਡਾ ਆਏ ਜੱਟ ਸਿੱਖ ਸਰਾਂ ਨਸ਼ਾ ਰਹਿਤ, ਉਮਰ 24 ਸਾਲ, ਕੱਦ 5 ਫੁੱਟ 11 ਇੰਚ, ਪਰਿਵਾਰ ਦੇ ਸੋਹਣੇ ਸੁਨੱਖੇ ਗਰੈਜੂਏਟ ਲੜਕੇ ਲਈ ਕਨੇਡੀਅਨ ਪੀਆਰ ,ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 647 871 0717,1 825 945 3800,ਜਾਂ ਇੰਡੀਆ 91 9464141011 ਈ ਮੇਲ: manpreetsran62019@gmail.com ***255***

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸਾਰਟ ਟਰਮ ਤਲਾਕਸੁਦਾ,ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ,ਜਨਮ 1996,ਕੱਦ 5 ਫੁੱਟ 8 ਇੰਚ, ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ,ਅਸਿਸਟੈਂਟ ਮੈਨੇਜਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੀ ਉਮਰ ਦੇ ਕਨੇਡਾ ਤੋਂ ਹੀ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸਥਾਪਿਤ ਬਿਜਨਿਸਮੈਨ ਦੇ ਤੌਰ 'ਤੇ ਸੈਟਲ ਹੈ। ਸੰਪਰਕ: 403 605 1421 ***255***

## ਲੜਕੀ ਦੀ ਲੋੜ

ਪੰਜਾਬ ਜਿਲਾ ਮੋਗਾ ਰਹਿੰਦੇ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 9 ਇੰਚ ਬੀ ਏ ਪਾਸ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 992 9190 ***255***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਵੜੈਚ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਇਲੈਕਟਰੀਕਲ ਇੰਜੀਨੀਅਰਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 605 9723 ***255***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਨਾਈ ਸਿੱਖ ਪਰਿਵਾਰ ਦੀ ਵਿਧਵਾ ਲੜਕੀ(ਬਿਨਾ ਬੱਚੇ ਤੋਂ )ਉਮਰ 37 ਸਾਲ, ਆਰ ਐਨ ਦੀ ਜੌਬ ਕਰਦੀ ਲਈ ਯੋਗ ਕਨੇਡੀਅਨ ਵਰ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਕਾਲ: 1 306 516 0879 ਜਾਂ 1 639 540 0879 ***251***

## ਲੜਕੀ ਦੀ ਲੋੜ

ਕਨੇਡਾ ਵਿਜ਼ਟਰ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਗਰੈਜੂਏਟ ਲੜਕੇ ਜਨਮ ਨਵੰਬਰ 1992, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 1780 907 5762 ***255***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬੈਂਸ ਪਰਿਵਾਰ ਦੇ ਗੁਰਸਿੱਖ ਲੜਕੇ ,ਉਮਰ 27 ਸਾਲ, ਕੱਦ 5 ਫੁੱਟ 1 ਇੰਚ, ਸਿਟੀ ਆਫ ਕੈਲਗਰੀ ਨਾਲ ਜੌਬ ਕਰਦੇ, ਵਿਦਿਅਕ ਯੋਗਤਾ: ਅਕਾਊਂਟਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ: 403 919 1564 ***251***

## ਲੜਕੇ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਨਰਸ ਦੀ ਜੌਬ ਕਰ ਰਹੀ ਜੱਟ ਸਿੱਖ ਗਿੱਲ ਪਰਿਵਾਰ ਦੀ ਲੜਕੀ ਉਮਰ 28 ਸਾਲ, ਵਿਦਿਅਕ ਯੋਗਤਾ: ਬੈਚੂਲਰ ਆਫ ਸਾਇੰਸ ਇਨ ਨਰਸਿੰਗ ਡਿਗਰੀ (ਇੰਡੀਆ) ਜਿਸ ਦੀ ਪੀ ਆਰ ਲਈ ਫਾਈਲ ਲੱਗੀ ਹੋਈ ਹੈ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ,ਚੰਗੇ ਪੜ੍ਹੇ ਲਿਖੇ,ਚੰਗੇ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ: **1 639 533 0900, 1 559 500 8331, WhatsApp only 1 842 736 3173, Email: sandeepksohi@gmail.com** ***250***

## ਲੜਕੇ ਦੀ ਲੋੜ

Suitable Match for a very Beautiful, 29 years 5'4", Hindu Khatri girl, Canadian citizen, Short-term Divorcee residing in Calgary Alberta. Dental Hygienist - Good Salary, belongs to a reputed family. Seeking Teetotaler, well educated, well settled Boy Preferred Malwa Area, upper caste. **Contact with Biodata Details on WhatsApp +917087291816 or email at idetails871@gmail.com** ***254***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਰਾਮਗੜ੍ਹੀਆ ਪਨੇਸਰ (ਨਾਨਕਾ ਪਰਿਵਾਰ ਭੋਗਲ) ਉਮਰ 29 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ: ਡੈਂਟਲ ਅਸਿਸਟੈਂਟ,ਬੀ ਐੱਸ ਸੀ (ਨਾਨ ਮੈਡੀਕਲ) ਲਈ ਸਿੱਖ ਸਰਦਾਰ ਵੈਜੀਟੇਰੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 617 2571 ਜਾਂ ਵਟਸਐਪ 91 98 766 96050 ***254***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬਾਛਲ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ,ਉਮਰ 32 ਸਾਲ,ਕੱਦ 6 ਫੁੱਟ,ਵਿਦਿਅਕ ਯੋਗਤਾ: ਐਵੀਏਸ਼ਨ ਇੰਜੀਨੀਅਰਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ।ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਵੈੱਲ ਸੈਟਲ ਹੈ। ਲੜਕੇ ਵਾਲਿਆਂ ਦੀ ਅਲਬਰਟਾ (ਕੈਲਗਰੀ) ਅਤੇ ਬੀ ਸੀ ਸੂਬੇ ਵਿੱਚ ਦੋਵੇਂ ਥਾਂਈ ਰਿਹਾਇਸ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 828 8031 ***254***

## ਲੜਕੀ ਦੀ ਲੋੜ

"Handsome, 28 years 5'11", Rajput boy, Canadian Citizen residing in Calgary Alberta. Automotive Technician Diploma, Heavy Duty Technician, financially stable, and family oriented. The bride should hail from a decent, educated family. caste no bar. should be around 21-28 years. Contact with details Phone or WhatsApp 1 403 467 4102 or Email to jayantparmar1995@gmail.com ***254***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ, ਚੀਮਾ ਪਰਿਵਾਰ ਦੇ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ,ਉਮਰ 24 ਸਾਲ,ਕੱਦ 6 ਫੁੱਟ, ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਿਮ ਟੈਕਨੀਸ਼ੀਅਨ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 519 981 9356 ***254***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 38 ਸਾਲ ਕੱਦ 6 ਫੁੱਟ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:587 891 3187 ***250***

## ਲੜਕੀ ਦੀ ਲੋੜ

Suitable match for smart and kind natured Jatt Sikh Bhullar boy, 5'11", 1996 born, Teetotaler, convent educated. Owns construction Business. Belongs to a reputed family in Bathinda with urban and rural properties. Seeking like minded smart qualified girl belonging to an affluent family. Now residing in Windsor Canada .Malwa region preferred and queries from abroad are also welcome. Mobile: +91 9417042693. WhatsApp : +1 248-802-4353. Email: pjattana@umich.edu ***_***

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਦੇ ਵੈੱਲ ਸੈਟਲਡ ਲੜਕੇ ਉਮਰ 30 ਸਾਲ, ਕੱਦ 6 ਫੁੱਟ,ਵਿਦਿਅਕ ਯੋਗਤਾ : ਬੀ ਏ, ਕਨੇਡੀਅਨ ਲਾਅ ਡਿਪਲੋਮਾ ਹੋਲਡਰ ਲਈ ਗੁਰਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕਨੇਡਾ ਵਿੱਚ ਹੀ ਸਿਟੀਜਨ,ਪੀਆਰ ਜਾਂ ਵਰਕ ਪਰਮਿਟ ਉੱਪਰ ਹੋਵੇ। ਸੰਪਰਕ: 1 250 883 4000 ***253***

## ਲੜਕੀ ਦੀ ਲੋੜ

ਜੱਟ ਸਿੱਖ ਬੈਨੀਵਾਲ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸ਼ੁਦਾ ਲੜਕੇ,ਉਮਰ 32 ਸਾਲ,ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਬੀ ਟੈੱਕ ਹੁਣ ਪ੍ਰਾਈਵੇਟ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 926 4188 ਜਾਂ ਇੰਡੀਆ ਫੋਨ 91- 99140 81733 ***253***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉਪਰ ਵਿੰਨੀਪੈਗ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ, ਜਮੀਨ 4 ਕਿੱਲੇ,ਉਮਰ 28 ਸਾਲ, ਕੱਦ 5 ਫੁੱਟ 8 ਇੰਚ, ਬੀ ਕਾਮ, ਐਮ ਬੀ ਏ (MRSPTU ਬਠਿੰਡਾ ਯੂਨੀ) ਲਈ ਪੜੀ ਲਿਖੀ ਅੰਮ੍ਰਿਤਧਾਰੀ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। (ਕੋਈ ਮੰਗ ਨਹੀਂ)। ਸੰਪਰਕ : 204 963 5993 ਜਾਂ ਵਟਸਐਪ 91 99147 01101 ***252***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 368 993 0037 ਜਾਂ 1 778 675 1313 *** ***

## ਲੜਕੀ ਦੀ ਲੋੜ

ਇਟਾਲੀਅਨ ਪੀ ਆਰ,ਕਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਬਾਸੀ ਪਰਿਵਾਰ ਦੇ ਤਲਾਕ ਸ਼ੁਦਾ ਲੜਕੇ ਉਮਰ 43 ਸਾਲ ਕੱਦ 5 ਫੁੱਟ 5 ਇੰਚ ਲਈ ਹਾਣ ਪਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਜਲੰਧਰ ਜ਼ਿਲ੍ਹੇ ਨਾਲ ਸਬੰਧਿਤ ਲੜਕਾ ਇਸ ਵੇਲੇ ਕੈਲਗਰੀ ਵਿੱਚ ਰਹਿ ਰਿਹਾ ਹੈ। ਤਲਾਕਸ਼ੁਦਾ ਜਾਂ ਵਿਧਵਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1604 719 6182 ਜਾਂ ਈ ਮੇਲ :Tejinderbassi88@icloud.com ***251***

## ਲੜਕੀ ਦੀ ਲੋੜ

Hindu Punjabi khatri boy Jan 1985 born, height 5.7 living in Vancouver upper middle class family, B.Tech/MBA, now self employed in logistics, **Canadian citizen** looking for a beautiful educated girl within Canada. Tourist, work permit, PR or citizen. **Call:1 306 502 6789** ***250***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਉਮਰ 32 ਸਾਲ ,ਕੱਦ 5 ਫੁੱਟ 2 ਇੰਚ, ਐਡਮਿੰਟਨ ਨਿਵਾਸੀ ਤਲਾਕਸੁਦਾ ਲੜਕੀ ਲਈ ਕਨੇਡੀਅਨ ਸਿਟੀਜਨ ਜਾਂ ਪੀ ਆਰ,ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ,ਵੈੱਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਵੀ ਮਨਜੂਰ। ਅਲਬਰਟਾ ਨੂੰ ਪਹਿਲ । ਕ੍ਰਿਪਾ ਕਰਕੇ ਇੰਡੀਆ ਵਾਲੇ ਸੰਪਰਕ ਨਾ ਕਰਨ। ਸੰਪਰਕ: 1 825 419 6002 ***250***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਸੈਣੀ ਪਰਿਵਾਰ ਦੇ ਇਸ਼ੂਲੈਸ ਤਲਾਕਸ਼ੁਦਾ ਲੜਕੇ ਉਮਰ 38 ਸਾਲ, ਕੱਦ 5 ਫੁੱਟ 8 ਇੰਚ, ਮਕੈਨੀਕਲ ਇੰਜੀਨੀਅਰਇੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕਾ ਟਰੱਕ ਡਰਾਈਵਰ ਓਨਰ ਅਪਰੇਟਰ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 778 953 0024 ***250***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਮੈੜ ਰਾਜਪੂਤ ਪਰਿਵਾਰ ਦੀ ਤਲਾਕਸ਼ੁਦਾ (ਬਿਨਾਂ ਬੱਚੇ ਤੋਂ ) ਵਧੀਆ ਜੌਬ ਕਰਦੀ ਲੜਕੀ ਕੱਦ 5 ਫੁੱਟ 2 ਇੰਚ,ਉਮਰ 37 ਸਾਲ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈੱਲਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ :1 825 454 1322 ਜਾਂ 403 464 1322 ***250***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ,ਜੱਟ ਸਿੱਖ ਛੀਨਾ ਪਰਿਵਾਰ ਦੇ ਲੜਕੇ,ਉਮਰ 37 ਸਾਲ , ਕੱਦ 5 ਫੁੱਟ 11 ਇੰਚ, ਪੜ੍ਹਾਈ ਲਿਖਾਈ ਮਾਸਟਰ ਡਿਗਰੀ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਹੀ ਕਰਨ। ਸੰਪਰਕ: 1 510 377 1180 (ਵਟਸਐਪ) ਜਾਂ ਈ ਮੇਲ: kschhina87@gmail.com ***250***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਿੱਧੂ ਪਰਿਵਾਰ ਦੇ ਲੜਕੇ,ਉਮਰ 29 ਸਾਲ ਕੱਦ 5 ਫੁੱਟ 8 ਇੰਚ, ਐਮ ਏ ਇੰਗਲਿਸ਼ ,ਬੀ ਐੱਡ, ਲਈ ਪੜ੍ਹੀ ਲਿਖੀ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕੈਲਗਰੀ ਨੂੰ ਪਹਿਲ । ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ: 403 951 1954 ਜਾਂ 1825 205 3609 ***250***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਰਾਜਪੂਤ ਚੌਹਾਨ ਪਰਿਵਾਰ ਦੇ ਲੜਕੇ ਜਨਮ 1997, ਕੱਦ 6 ਫੁੱਟ, , ਸਾਫਟ ਵੇਅਰ ਇੰਜੀਨੀਅਰ ਦੀ ਜੌਬ (ਪੈਕੇਜ 85,000 ਕਨੇਡੀਅਨ ਡਾਲਰ ਸਾਲਾਨਾ) ਕੈਲਗਰੀ ਵਿੱਚ ਤਿੰਨ ਘਰਾਂ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਲੜਕੀ ਕਨੇਡਾ ਵਿੱਚ ਕਿਸੇ ਵੀ ਸਟੇਟਸ ਉੱਪਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 891 9859 ਜਾਂ ਵਟਸਐਪ 91 977 951 1475 ***250***

## ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੇ ਦੀ ਲੋੜ

Jatt Sikh's parents seeking suitable match for their daughter Indian born, Canadian citizen, 37 years old, 5' 1" feet, B.Tech, working in a highly reputed Telecom company on a technical position. Boy should be well educated of decent values and belong to a good family. Cell no./ WhatsApp +1 587-434-0817 ***000***

## ਅੰਗਹੀਣ ਲੜਕੀ ਦੀ ਲੋੜ

ਕਨੇਡੀਅਨ ਬੌਰਨ,ਕੱਦ 5 ਫੁੱਟ 7 ਇੰਚ, 27 ਸਾਲਾ ਉਮਰ ਦੇ ਲੜਕੇ ਜਿਸ ਨੂੰ 6 ਸਾਲ ਦੀ ਉਮਰ ਤੋਂ ਬਾਦ ਸੁਣਨ ਦੀ ਸਮੱਸਿਆ ਆ ਗਈ ਸੀ ਪਰ ਉਹ ਪੰਜਾਬੀ ਅਤੇ ਇੰਗਲਿਸ਼ ਬੋਲੀ ਵਿੱਚ ਪਰਿਵਾਰਿਕ ਮੈਂਬਰਾਂ ਦੀ ਗੱਲ ਸਮਝਦਾ ਹੈ, ਲਈ ਸਰੀਰਕ ਤੌਰ ਤੇ ਅੰਗਹੀਣ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਰਾਈਵਿੰਗ ਲਾਇਸੈਂਸ ਹੈ। ਲੜਕਾ ਫੁੱਲ ਟਾਈਮ ਜੌਬ ਕਰਦਾ ਹੈ। ਸੰਪਰਕ: 403 971 0648 ***000***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੇ ਦੀ ਲੋੜ

ਜਿਲ੍ਹਾ ਫਤਿਹਗੜ੍ਹ ਸਾਹਿਬ ਨਾਲ ਸਬੰਧਤ ਜੱਟ ਸਿੱਖ ਭੰਗੂ ਪ੍ਰੀਵਾਰ ਦੀ ਲੜਕੀ, ਜਨਮ 1986, ਕੱਦ 5 ਫੁੱਟ 5 ਇੰਚ, ਵਿੱਦਿਅਕ ਯੋਗਤਾ ਬੀਏ, ਡਿਪਲੋਮਾ ਕੰਪਿਊਟਰ ਐਪਲੀਕੇਸ਼ਨ, ਪ੍ਰੋਗ੍ਰਾਮਿੰਗ, ਡਾਟਾ ਬੇਸ ਅਤੇ ਐਡਮਿਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਵਰ ਦੀ ਲੋੜ ਹੈ।। ਲੜਕੀ ਦੀ ਵੱਡੀ ਭੈਣ ਕੈਲਗਰੀ ਵਿਖੇ ਕੈਨੇਡੀਅਨ ਸਿਟੀਜ਼ਨ ਹੈ ਅਤੇ ਮਾਤਾ ਪਿਤਾ ਕੈਨੇਡੀਅਨ ਪੀ ਆਰ ਹਨ, ਸੰਪਰਕ :1 250 859 2829 ******

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000

ਰੀਜਾਇਨਾ- 639 999 1000, ਵਿਨੀਪੈੱਗ- 431 733 3000

ਮਿਹਨਤੀ ਵਰਕਰਾਂ ਨੂੰ ਅਸੀਂ ਇੰਡੀਆ ਤੋਂ ਵੀ ਵਰਕ ਪਰਮਿਟ ਉੱਪਰ ਬੁਲਾ ਸਕਦੇ ਹਾਂ

Bhinder Exterior have the following job positions available as listed below.

- Administrative Assistant
- Civil Engineer
- Business Development
- Stucco Plasterer
- Consultant, Advertising
- Roofer
- Construction Helper

If you have any questions regarding the information provided, please do not hesitate to contact @

+1 403 680 0436

or email at

bhinderexteriors13@gmail.com.

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ


A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615




# ਆਸਟ੍ਰੇਲੀਆਈ ਰਾਜਦੂਤ ਨੇ ਸਾਰਜੈਂਟ ਜਗਮੀਤ ਸਿੰਘ ਦੀ ਪ੍ਰੇਰਨਾਦਾਇਕ ਯਾਤਰਾ ਦੀ ਕੀਤੀ ਸ਼ਲਾਘਾ



ਮਿਲਟਨ(ਪੰਜਾਬੀ ਅਖਬਾਰ ਬਿਊਰੋ)- ਆਸਟ੍ਰੇਲੀਅਨ ਹਾਈ ਕਮਿਸ਼ਨਰ ਫ਼ਿਲਿਪ ਗ੍ਰੀਨ ਨੇ ਸਾਰਜੈਂਟ ਜਗਮੀਤ ਸਿੰਘ ਦੀ ਭਾਰਤ ਤੋਂ ਆਸਟ੍ਰੇਲੀਅਨ ਹਵਾਈ ਸੈਨਾ ਤਕ ਦੀ ਪ੍ਰੇਰਨਾਦਾਇਕ ਯਾਤਰਾ ਦੀ ਸ਼ਲਾਘਾ ਕੀਤੀ। ਨਾਲ ਹੀ ਭਾਰਤ ਦੀ ਵਿਭਿੰਨਤਾ ਅਤੇ ਬਹੁ-ਸਭਿਆਚਾਰ ਨੂੰ ਵੀ ਉਜਾਗਰ ਕੀਤਾ। ਉਨਾਂ ਨੇ ਕਿਹਾ ਕਿ ਆਸਟ੍ਰੇਲੀਆ ਇੱਕ ਆਧੁਨਿਕ ਅਤੇ ਸਭਿਆਚਾਰਕ ਤੌਰ 'ਤੇ ਵਿਭਿੰਨਤਾ ਵਾਲਾ ਦੇਸ਼ ਹੈ ਜੋ 300 ਤੋਂ ਵੱਧ ਵੰਸ਼ਾਂ ਦੇ ਲੋਕਾਂ ਦਾ ਘਰ ਹੈ। ਫ਼ਿਲਿਪ ਗ੍ਰੀਨ ਨੇ ਅੱਗੇ ਕਿਹਾ ਕਿ ਸਾਰਜੈਂਟ ਜਗਮੀਤ ਸਿੰਘ ਦੀ ਯਾਤਰਾ ਭਾਰਤ ਦੀ ਵਿਭਿੰਨਤਾ ਅਤੇ ਬਹੁਸਭਿਆਚਾਰਕਤਾ ਦੀ ਇੱਕ ਸ਼ਾਨਦਾਰ ਮਿਸਾਲ ਹੈ।

ਉਨਾਂ ਨੇ ਸੋਸ਼ਲ ਮੀਡੀਆ ਪਲੈਟਫ਼ੌਰਮ X 'ਤੇ ਕਿਹਾ, "ਆਸਟ੍ਰੇਲੀਆ ਇੱਕ ਆਧੁਨਿਕ ਅਤੇ ਬਹੁ-ਸਭਿਆਚਾਰਕ ਦੇਸ਼ ਹੈ ਜੋ 300 ਤੋਂ ਵੱਧ ਵੰਸ਼ਾਂ ਦੇ ਲੋਕਾਂ ਦਾ ਘਰ ਹੈ।" ਸਾਰਜੈਂਟ ਜਗਮੀਤ ਸਿੰਘ ਦੀ ਭਾਰਤ ਤੋਂ ਆਸਟ੍ਰੇਲੀਅਨ ਹਵਾਈ ਸੈਨਾ ਤਕ ਦੀ ਯਾਤਰਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਦਾਇਕ ਹੈ ਅਤੇ ਭਾਰਤ ਦੀ ਵਿਭਿੰਨਤਾ ਅਤੇ ਬਹੁ-ਸਭਿਆਚਾਰਵਾਦ ਦੀ ਇੱਕ ਸ਼ਾਨਦਾਰ ਉਦਾਹਰਣ ਹੈ।

ਆਸਟ੍ਰੇਲੀਆ ਦੇ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਸਾਰਜੈਂਟ ਜਗਮੀਤ ਸਿੰਘ ਦਸੰਬਰ 2006 'ਚ ਆਸਟ੍ਰੇਲੀਆ ਆਇਆ ਸੀ ਅਤੇ ਜਨਵਰੀ 2007 'ਚ ਰੱਖਿਆ ਫ਼ੋਰਸ 'ਚ ਸ਼ਾਮਿਲ ਹੋਇਆ ਸੀ। ਸਿੰਘ ਨੇ ਮੰਤਰਾਲੇ ਦੇ ਹਵਾਲੇ ਨਾਲ ਕਿਹਾ, "ਮੈਨੂੰ ਲੱਗਦਾ ਹੈ ਕਿ ਮੈਂ ਹਵਾਈ ਸੈਨਾ 'ਚ ਦਸਤਾਰ ਪਹਿਨਣ ਵਾਲਾ ਪਹਿਲਾ ਵਿਅਕਤੀ ਸੀ। ਓਦੋਂ ਤੋਂ ਮੈਂ ਆਪਣੇ ਸਾਥੀ ਇੰਸਟ੍ਰਕਟਰਾਂ ਨੂੰ ਇਹ ਸਿੱਖਣ 'ਚ ਮਦਦ ਕੀਤੀ ਕਿ ਮੈਂ ਦਸਤਾਰ ਕਿਵੇਂ ਬੰਨਦਾ ਹਾਂ ਅਤੇ ਬੈਜ ਕਿਵੇਂ ਲਗਾਉਂਦਾ ਹਾਂ।" ਉਸ ਨੇ ਅੱਗੇ ਕਿਹਾ, "ਮੈਨੂੰ ਉਮੀਦ ਹੈ ਕਿ ਮੇਰੇ ਯਤਨਾਂ ਨੇ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਪੱਧਰਾ ਕੀਤਾ ਹੈ।

" ਜਗਮੀਤ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ 'ਚ ਇੰਡੋ-ਪੈਸੀਫ਼ਿਕ ਐਂਡੇਵਰ 23 'ਤੇ ਆਸਟ੍ਰੇਲੀਆਈ ਹਵਾਈ ਸੈਨਾ ਦੀ ਨੁਮਾਇੰਦਗੀ ਕਰਨਾ ਉਸ ਦੇ ਕਰੀਅਰ ਦੀਆਂ ਮਹੱਤਵਪੂਰਣ ਪ੍ਰਾਪਤੀਆਂ 'ਚੋਂ ਇੱਕ ਸੀ।

# ਲੋਕਪ੍ਰਿਯਤਾ ਦੇ ਮਾਮਲੇ 'ਚ ਹੈਰਿਸ ਪ੍ਰਮੁੱਖ ਪ੍ਰਾਂਤਾਂ 'ਚ ਮੋਹਰੀ

ਨਾਇਆਗਰਾ (ਪੰਜਾਬੀ ਅਖਬਾਰ ਬਿਊਰੋ)- ਅਮਰੀਕਾ ਦੇ ਉਪ ਰਾਸ਼ਟਰਪਤੀ ਅਤੇ ਰਾਸ਼ਟਰਪਤੀ ਦੀ ਚੋਣ ਲਈ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੇ ਕਈ ਵੱਡੇ ਚੋਣਵੇਂ ਸੂਬਿਆਂ 'ਚ ਪ੍ਰਸਿੱਧੀ ਹਾਸਿਲ ਕਰ ਲਈ ਹੈ। ਭਾਰਤੀ ਮੂਲ ਦੇ ਅਮਰੀਕੀ ਹੈਰਿਸ (59) ਦੀ ਚੋਣ ਮੁਹਿੰਮ ਲਈ ਫ਼ੰਡ ਇਕੱਠਾ ਕਰਨ ਦਾ ਸਿਲਸਿਲਾ ਜਾਰੀ ਹੈ। ਉਸ ਦੀਆਂ ਰੈਲੀਆਂ 'ਚ ਰਿਕਾਰਡ ਤੋੜ ਭੀੜ ਦੇਖਣ ਨੂੰ ਮਿਲ ਰਹੀ ਹੈ। ਹੈਰਿਸ ਨੇ ਸੈਨ ਫ਼ਰੈਂਸਿਸਕੋ 'ਚ ਇੱਕ ਫ਼ੰਡ ਇਕੱਠਾ ਕਰਨ ਵਾਲੇ ਸਮਾਗਮ 'ਚ ਕਿਹਾ, "ਅਸੀਂ ਇਹ ਚੋਣ ਜਿੱਤਾਂਗੇ।" ਹੈਰਿਸ ਨੇ ਇਸ ਪ੍ਰੋਗਰਾਮ 'ਚ 1.2 ਕਰੋੜ ਅਮਰੀਕੀ ਡਾਲਰ ਇਕੱਠੇ ਕੀਤੇ ਜਿਸ 'ਚ ਬਹੁਤ ਸਾਰੇ ਭਾਰਤੀ ਅਮਰੀਕੀਆਂ ਸਮੇਤ ਲਗਭਗ 700 ਦਾਨੀਆਂ ਨੇ ਭਾਗ ਲਿਆ। ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੇ ਚੋਣ ਦੌੜ ਤੋਂ ਹੱਟਣ ਦੇ ਫ਼ੈਸਲੇ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਬਣਨ ਤੋਂ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਹੈਰਿਸ ਨੇ ਪ੍ਰਸਿੱਧੀ ਦੇ ਮਾਮਲੇ 'ਚ ਆਪਣੇ ਵਿਰੋਧੀ ਡੌਨਲਡ ਟਰੰਪ ਦੀ ਰਾਸ਼ਟਰੀ ਲੀਡ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ। ਸਾਰੇ ਪ੍ਰਮੁੱਖ ਰਾਸ਼ਟਰੀ ਅਤੇ ਰਾਜ ਸਰਵੇਖਣਾਂ ਦੀ ਨਿਗਰਾਨੀ ਕਰਨ ਵਾਲੀ ਮੀਡੀਆ ਕੰਪਨੀ ਰੀਅਲ ਕਲੀਅਰ ਪੌਲੇਟਿਕਸ ਅਨੁਸਾਰ ਹੈਰਿਸ ਹੁਣ ਸਾਰੇ ਰਾਸ਼ਟਰੀ ਸਰਵੇਖਣਾਂ ਦੀ ਔਸਤ 'ਚ ਪ੍ਰਸਿੱਧੀ ਰੇਟਿੰਗ 'ਚ ਟਰੰਪ ਤੋਂ 0.5 ਪ੍ਰਤੀਸ਼ਤ ਅੰਕ ਅੱਗੇ ਹੈ।ਇਸ ਮੁਤਾਬਿਕ ਹੈਰਿਸ ਨੇ ਵਿਸਕਾਨਸਿਨ ਅਤੇ ਮਿਸ਼ੀਗਨ ਵਰਗੇ ਮਹੱਤਵਪੂਰਣ ਪ੍ਰਾਂਤਾਂ 'ਚ ਵੀ ਪ੍ਰਸਿੱਧੀ ਦੇ ਮਾਮਲੇ 'ਚ ਪਹਿਲ ਕੀਤੀ ਹੈ ਜਿੱਥੇ ਪਹਿਲਾਂ ਬਾਇਡਨ ਪਛੜ ਰਿਹਾ ਸੀ। ਨਿਊ ਯੌਰਕ ਟਾਈਮਜ਼ ਦੇ ਇੱਕ ਤਾਜ਼ਾ ਸਰਵੇਖਣ 'ਚ ਕਿਹਾ ਗਿਆ ਹੈ ਕਿ ਹੈਰਿਸ ਪੈਨਸਿਲਵੇਨੀਆ, ਵਿਸਕੌਨਸਿਨ ਅਤੇ ਮਿਸ਼ੀਗਨ 'ਚ ਚਾਰ ਫ਼ੀਸਦੀ ਅੰਕਾਂ ਨਾਲ ਅੱਗੇ ਹੈ। ਇਹ ਵਾਧਾ ਦਾ ਨਿਊ ਯੌਰਕ ਟਾਈਮਜ਼ ਅਤੇ ਸਿਏਨਾ ਕਾਲਜ ਦੁਆਰਾ ਕਰਵਾਏ ਗਏ ਤਾਜ਼ਾ ਸਰਵੇਖਣਾਂ 'ਤੇ ਆਧਾਰਿਤ ਹੈ। 5 ਅਗਸਤ ਤੋਂ 9 ਅਗਸਤ ਦਰਮਿਆਨ ਕਰਵਾਏ ਗਏ ਇਨਾਂ ਸਰਵੇਖਣਾਂ 'ਚ ਹੈਰਿਸ ਨੂੰ ਹਰੇਕ ਰਾਜ 'ਚ ਸੰਭਾਵਿਤ ਵੋਟਰਾਂ 'ਚੋਂ 50 ਫ਼ੀਸਦੀ ਸਮਰਥਨ ਪ੍ਰਾਪਤ ਹੋਇਆ, ਜਦੋਂ ਕਿ ਟਰੰਪ ਨੂੰ 46 ਪ੍ਰਤੀਸ਼ਤ।







# ਮਾਏ ਨੀ ਵਿਚੋਲਾ ਮਰਜੇ

ਢਾਡੀ ਕਲਾ ਵਿੱਚ ਰੁਚੀ ਰੱਖਣ ਵਾਲੇ ਢਾਡੀ ਦਿਆ ਸਿੰਘ ਦਿਲਬਰ ਦੇ ਨਾਮ ਤੋਂ ਭਲੀ ਭਾਂਤ ਵਾਕਫ਼ ਨੇ। ਢਾਡੀ ਕਲਾ ਪੰਜਾਬੀ ਲੋਕ-ਸੰਗੀਤ ਦਾ ਅਟੁੱਟ ਅੰਗ ਹੈ। ਇਸ ਕਲਾ ਵਿੱਚ ਪੰਜਾਬ ਦੀ ਵਿਰਾਸਤ ਸਮੋਈ ਹੋਈ ਹੈ। ਗੱਲ ਕਰਦੇ ਹਾਂ ਪੰਜਾਬ ਦੇ ਪ੍ਰਸਿੱਧ ਢਾਡੀ ਗਿਆਨੀ ਦਿਆ ਸਿੰਘ ਦਿਲਬਰ ਜੀ ਦੀ। ਦਿਲਬਰ ਸਾਹਿਬ ਜਿੱਥੇ ਬਹੁਤ ਕਮਾਲ ਦੇ ਢਾਡੀ, ਪੰਥਕ ਸਟੇਜ਼ਾਂ ਦੇ ਬੁਲਾਰੇ, ਸਿੱਖ ਇਤਿਹਾਸ ਦੇ ਵਿਦਵਾਨ ਸਨ, ਉਸਦੇ ਨਾਲ ਹੀ ਇਕ ਪਰਪੱਕ ਗੀਤਕਾਰ ਵੀ ਸਨ। ਦਿਲਬਰ ਸਾਹਿਬ ਦੇ ਗੀਤਾਂ ਵਿੱਚ ਪੰਜਾਬ ਦਾ ਮੁਹਾਂਦਰਾ ਦਿਸਦਾ ਹੈ। ਦਿਲਬਰ ਸਾਹਿਬ ਦੇ ਜੀਵਨ 'ਤੇ ਝਾਤ ਪਾਉਣ ਤੋਂ ਪਹਿਲਾਂ ਆਓ ਉਹਨਾਂ ਦੇ ਇਕ ਗੀਤ 'ਤੇ ਨਜ਼ਰ ਮਾਰੀਏ:

ਮਾਏ ਨੀ ਵਿਚੋਲਾ ਮਰ ਜੇ
ਜੀਜਾ ਲੱਭਿਆ ਤਵੇ ਤੋਂ ਕਾਲ਼ਾ
ਭੈਣ ਰੋਂਦੀ ਰੱਜਦੀ ਨਹੀਂਓ
ਕਹਿੰਦੇ ਜ਼ਹਿਰ ਮੰਗਾ ਕੇ ਖਾਲਾਂ
ਮਾਏ ਨੀ ਵਿਚੋਲਾ...
ਦੇਖ ਅਣਜੋੜ ਭੈਣ ਦਾ, ਨੱਕ ਵੱਟਣ ਸਹੇਲੀਆਂ ਸੱਭੇ
ਲੁਕ-ਲੁਕ ਧਾਹਾਂ ਮਰਦੀ, ਉਹਦੇ ਦਿਲ ਵਿੱਚ ਭਾਂਬੜ ਦੱਬੇ
ਜਿੰਦੜੀ ਨੂੰ ਘੁਣ ਲੱਗਿਆ, ਗਿਆ ਖੁਸ਼ੀਆਂ ਦਾ ਨਿੱਕਲ ਦਿਵਾਲਾ
ਮਾਏ ਨੀ ਵਿਚੋਲਾ ਮਰ ਜੇ ...
ਭੈਣ ਜਦੋਂ ਵਾਲ ਵਾਹੁੰਦੀ, ਚੰਨ ਬੱਦਲਾਂ 'ਚੋਂ ਝਾਤੀਆਂ ਮਾਰੇ
ਜੀਜਾ ਸਾਡਾ ਇਉਂ ਦੇਖਦਾ ਜਿਵੇਂ ਬਰੂ* ਖਾ ਕੇ ਮੱਝ ਨੀ ਫੁੰਕਾਰੇ
ਪਰ੍ਹਾਂ ਰੱਖ ਦਾਜ ਦੌਣ ਨੂੰ, ਚੰਗਾ ਲੱਗਦਾ ਨਹੀਂ ਬੀਬੀ ਨੂੰ ਵਿਖਾਲਾ
ਮਾਏਂ ਨੀ ਵਿਚੋਲਾ ਮਰ ਜੇ ...
ਕੱਲ੍ਹ ਅਜੇ ਸਹੁਰੀਂ ਗਈ ਏ, ਤੂੰ ਬੰਤੋ ਦਾ ਵੇਖਿਆ ਨਹੀਂ ਢੋਲਾ
ਕੱਦ ਸੋਹਣਾ ਸਰੂ ਵਰਗਾ, ਗੋਰਾ ਰੰਗ ਜਿਵੇਂ ਰੇਸ਼ਮੀਂ ਪਟੋਲਾ
ਧੀਆਂ ਮੂੰਹੋਂ ਨਹੀਓ ਕਹਿੰਦੀਆਂ, ਮਾਏਂ ਉਮਰਾਂ ਦਾ ਲਿਆ ਈ ਮੂੰਹ ਕਾਲਾ
ਮਾਏਂ ਨੀ ਵਿਚੋਲਾ ਮਰ ਜੇ ...
ਰੇਸ਼ਮੀਂ ਵਿਛਾਉਣਿਆਂ ਉੱਤੇ, ਭੈਣ ਚਾਵਾਂ ਨਾਲ ਫੁੱਲ ਸੀ ਕਢਾਏ
ਦਿਲ ਨੂੰ ਵਲ੍ਹੇਟ ਪੈ ਜਾਏ, ਜਦੋਂ ਬੁੱਧੂ ਹੇਠਾਂ ਕੱਢ ਕੇ ਵਿਛਾਏ
ਬੰਨ੍ਹਣੀ ਨਾ ਪੱਗ ਆਂਵਦੀ, ਉਦਾਂ ਕਹਿੰਦਾ ਮੇਰਾ ਸ਼ਹਿਰ ਪਟਿਆਲਾ
ਮਾਏ ਨੀ ਵਿਚੋਲਾ ਮਰ ਜੇ ...
ਰੱਬ ਨੇ ਬਣਾਈਆਂ ਜੋੜੀਆਂ, ਹੀਰੇ ਲਾਲ ਜਿਨਾਂ ਨੇ ਪੁੰਨ ਕੀਤੇ
ਰੋ ਰੋ ਕੇ ਭੈਣ ਝੁਰੂ, ਵੇਲੇ ਯਾਦ ਕਰੂਗੀ ਬੀਤੇ
ਅੱਗੋਂ ਮੇਰੇ ਭਾਗ 'ਦਿਲਬਰਾ' ਮਾਂ ! ਬਾਪੂ ਨੂੰ ਹੁਣੇ ਸਮਝਾਲਾ
ਮਾਏ ਨੀ ਵਿਚੋਲਾ ਮਰ ਜੇ, ਜੀਜਾ ਲੱਭਿਆ ਤਵੇ ਤੋਂ ਕਾਲਾ
ਨੋਟ - ਬਰੂ*

ਬਰੂ ਇਕ ਘਾਹ ਦੀ ਕਿਸਮ ਐ ਜੀਹਨੂੰ ਖੱਬਲ ਵੀ ਕਹਿ ਸਕਦੇ ਆਂ। ਬਰੂ ਨਾਲ ਰੱਜੀ ਮੱਝ ਫੇਰ ਫੁੰਕਾਰੇ ਮਾਰਦੀ ਐ। ਪਾਠਕੋ ! ਇਹ ਤਾਂ 'ਦਿਲਬਰ' ਸਾਹਿਬ ਦੀ ਗੀਤਕਾਰੀ ਦਾ ਮਹਿਜ ਨਮੂਨਾ ਮਾਤਰ ਹੀ ਆ। ਆਓ ਪਹਿਲਾਂ 'ਦਿਲਬਰ' ਸਾਹਿਬ ਬਾਰੇ ਸੰਖੇਪ ਵਿੱਚ ਗੱਲ ਕਰੀਏ। ਦਿਆ ਸਿੰਘ ਦਾ ਜਨਮ ਸਾਂਝੇ ਪੰਜਾਬ ਦੇ ਪਿੰਡ ਗਗੜ ਸਹਾਰੀ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ ਵਿੱਚ ਪਿਤਾ ਸਰਦਾਰ ਈਸ਼ਰ ਸਿੰਘ ਦੇ ਘਰ ਮਾਤਾ ਸਰਦਾਰਨੀ ਗੁਲਾਬ ਕੌਰ ਜੀ ਦੀ ਕੁੱਖੋਂ 9 ਨਵੰਬਰ 1930 ਨੂੰ ਹੋਇਆ। ਦਿਆ ਸਿੰਘ ਦਿਲਬਰ ਨੇ ਪੰਜਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਹੀ ਕੀਤੀ। ਪਿਤਾ ਦਾ ਸੁਪਨਾ ਸੀ ਕਿ ਮੇਰਾ ਬੇਟਾ ਵੈਦ ਬਣੇ। ਇਸ ਇੱਛਾ ਨਾਲ ਉਹਨਾਂ ਨੇ ਦਿਆ ਸਿੰਘ ਨੂੰ ਵੈਦ ਕਰਤਾਰ ਸਿੰਘ ਕੋਲ ਛੱਡ ਦਿੱਤਾ। ਪਰ ਦਿਆ ਸਿੰਘ ਦਵਾਈਆਂ ਰਗੜਣ ਦੀ ਬਜਾਏ ਆਪਣੀ ਵਿਲੱਖਣ ਕਲਾ ਦੇ ਖਰਲ ਵਿੱਚ ਨਿੱਤ ਨਰੋਏ ਜਜ਼ਬਿਆਂ ਦੇ ਮੋਤੀ ਪੀਸ ਕੇ ਗੀਤਾਂ ਵਾਲੀ ਵੈਦਗੀ ਕਰਨ ਲੱਗਾ। ਵੈਦ ਕਰਤਾਰ ਸਿੰਘ ਪਾਸ ਬੈਠਾ ਅਕਸਰ ਗੁਣਗੁਣਾਉਂਦਾ ਰਹਿੰਦਾ। ਵੈਦ ਜੀ ਦਿਆ ਸਿੰਘ ਦੇ ਪਿਤਾ ਨੂੰ ਕਹਿੰਦੇ ਕਿ ਸਰਦਾਰ ਜੀ ਇਸ ਦੀ ਇਸ ਕੰਮ ਵਿੱਚ ਕੋਈ ਰੁਚੀ ਨਹੀਂ। ਬਚਪਨ ਵਿੱਚ ਹੀ ਦਿਆ ਸਿੰਘ 'ਤੇ ਪ੍ਰਸਿੱਧ ਢਾਡੀ ਸੋਹਣ ਸਿੰਘ ਸੀਤਲ ਦਾ ਪ੍ਰਭਾਵ ਪੈ ਗਿਆ ਸੀ। ਉਸਨੇ ਮਨ ਵਿੱਚ ਢਾਡੀ ਬਣਨ ਦੀ ਠਾਣ ਲਈ ਤੇ ਕਵੀਸ਼ਰ ਕਰਤਾਰ ਸਿੰਘ ਬੀਰਮਪੁਰੀ ਨੂੰ ਦਿਆ ਸਿੰਘ ਨੇ ਆਪਣਾ ਉਸਤਾਦ ਧਾਰ ਲਿਆ। ਦਿਆ ਸਿੰਘ ਦਾ ਵਿਆਹ ਫੇਰੂ (ਹੁਣ ਪਾਕਿਸਤਾਨ) ਦੀ ਸੰਤ ਕੌਰ ਨਾਲ ਹੋਇਆ। ਸੰਤਾਲੀ ਦੀ ਵੰਡ ਤੋਂ ਬਾਅਦ ਦਿਲਬਰ ਜੀ ਐਧਰ ਆ ਗਏ। ਐਧਰ ਆ ਕੇ ਦੁਆਬੇ 'ਚ ਨਵਾਂ ਸ਼ਹਿਰ ਦੇ ਲਾਗੇ ਪਿੰਡ ਸਲੋਹ ਵਿਚ ਵੱਸ ਗਏ 1948 ਵਿੱਚ ਤਾਂ ਦਿਲਬਰ ਨੇ ਆਪਣਾ ਢਾਡੀ ਜੱਥਾ ਬਣਾ ਲਿਆ ਸੀ ਦਿਲਬਰ ਜੀ ਦੇ ਢਾਡੀ ਰੰਗ ਨੂੰ ਤਾਂ ਪੂਰੀ ਦੁਨੀਆਂ ਜਾਣਦੀ ਹੀ ਹੈ। ਉਹਨਾਂ ਦੀ ਇਸ ਕਲਾ ਬਾਰੇ ਬਹੁਤ ਲਿਖਿਆ ਜਾ ਚੁਕਿਆ ਹੈ। ਹੁਣ ਆਓ ਆਪਾਂ ਦਿਲਬਰ ਜੀ ਦੇ ਗੀਤਕਾਰੀ ਵਾਲੇ ਰੰਗ ਨੂੰ ਮਾਣੀਏ:


ਦਿਆ ਸਿੰਘ ਦਿਲਬਰ

ਹੋਕੇ ਪਿਆਰ ਦੀ ਮੰਜਿਲ ਦਾ ਪਾਂਧੀ
ਤੂੰ ਦਿਲ ਨਾ ਡੁਲਾਈਂ ਮਿੱਤਰਾ
ਇਸ ਰਸਤੇ 'ਚ ਔਕੜਾਂ ਬਥੇਰੀਆਂ
ਨਾ ਜ਼ਰਾ ਘਬਰਾਈਂ ਮਿੱਤਰਾ
ਇੱਥੇ ਬਾਰਾਂ-ਬਾਰਾਂ ਸਾਲ ਵੀ ਕਈ ਗੱਭਰੂ
ਮੈਂ ਮੱਝੀਆਂ ਨੂੰ ਚਾਰਦੇ ਵੇਖੇ
ਇੱਥੇ ਮੌਤ ਨਾਲ ਕਰਨ ਲਈ ਮੁਕਾਬਲਾ
ਕਈ ਬੱਕੀਆਂ ਸ਼ਿੰਗਾਰਦੇ ਵੇਖੇ
ਖੈਰ ਯਾਰ ਦੇ ਦੁਆਰੇ ਉੱਤੋਂ ਲੈਣ ਲਈ
ਤੂੰ ਕੰਨ ਪੜਵਾਈਂ ਮਿੱਤਰਾ
ਲਾਈਆਂ ਪ੍ਰੀਤਮ ਲਈ ਕੱਚੇ ਉੱਤੇ ਤਾਰੀਆਂ
ਝਨਾਂ ਭਾਵੇਂ ਸ਼ੂਕਦਾ ਰਿਹਾ
ਸ਼ਾਹੀ ਛੱਡ ਕੇ ਦੀਵਾਨੇ ਕਈ ਹੋ ਗਏ
ਜਹਾਨ ਸਾਰਾ ਕੂਕਦਾ ਰਿਹਾ
ਭਾਵੇਂ ਥਲਾਂ ਵਿੱਚ ਭੁੱਜੇ ਪ੍ਰਵਾਹ ਨਹੀਂ
ਪੈਰ ਅੱਗੇ ਨੂੰ ਵਧਾਈਂ ਮਿੱਤਰਾ
ਆਪਾ ਸੱਚ ਦੀ ਰੰਗਣ ਵਿੱਚ ਰੰਗ ਲੈ
ਪਿਆਰ ਕੋਈ ਪਾਪ ਨਹੀਂ ਚੰਨਾਂ
ਨਿਹੁੰ ਲੱਗ ਜਾਂਦੇ, ਜਿੱਥੇ ਹੁੰਦੇ ਲੱਗਣੇ
ਇਹ ਲਾਈਦੇ ਵੇ ਆਪ ਨੀ ਚੰਨਾ
ਨੈਣ 'ਦਿਲਬਰ' ਦੇ ਨੈਣਾਂ ਨਾ(ਲ) ਮਿਲਾ ਕੇ
ਤੂੰ ਮੁੱਖ ਨਾ ਭੁਆਈਂ ਮਿੱਤਰਾ
ਹੋ ਕੇ ਪਿਆਰ ਦੀ ਮੰਜਲ ਦਾ ਪਾਂਧੀ
ਤੂੰ ਦਿਲ ਨਾ ਡੁਲਾਈਂ ਮਿੱਤਰਾ

ਹੁਣ ਇਸ ਗੀਤ ਦੀ ਸ਼ਬਦਾਵਲੀ, ਗੀਤ 'ਚ ਰਵਾਨਗੀ ਇਸਦੀ ਬਣਤਰ 'ਤੇ ਗੀਤਕਾਰ ਨੇ ਆਪਣਾ ਨਾਮ ਕਿੱਦਾਂ ਪਾਇਐ, ਬਹੁਤ ਧਿਆਨ ਮੰਗਦੈ:

ਨੈਣ ਦਿਲਬਰ ਦੇ ਨੈਣਾਂ ਨਾਲ ਮਿਲਾ ਕੇ
ਤੂੰ ਮੁੱਖ ਨਾ ਭੁਆਈਂ ਮਿੱਤਰਾ

1960 'ਚ ਦਿਲਬਰ ਪਿੰਡ ਛੱਡ ਨਵਾਂ ਸ਼ਹਿਰ ਆ ਵਸਿਆ। ਦਿਲਬਰ ਜੀ ਦੇ ਚਾਰ ਬੱਚੇ, ਦੋ ਧੀਆਂ ਤੇ ਦੋ ਪੁੱਤਰ ਹਨ। ਉਹਨਾਂ 'ਚੋਂ ਸਵਰਾਜ ਕੌਰ ਆਲ ਇੰਡੀਆ ਰੇਡੀਓ ਤੇ ਅਨਾਊਂਸਰ, ਦੂਸਰੀ ਧੀ ਕੁਲਵਿੰਦਰ ਕੌਰ ਅੰਮ੍ਰਿਤਸਰ ਵਿਖੇ ਮੁੱਖ ਅਧਿਆਪਕਾ ਹੈ। ਵੱਡਾ ਬੇਟਾ ਦਿਲਜੀਤ ਸਿੰਘ ਇੰਗਲੈਂਡ ਦਾ ਬਾਸ਼ਿੰਦਾ ਹੋ ਚੁੱਕਿਆ ਤੇ ਛੋਟੇ ਕੁਲਜੀਤ ਸਿੰਘ ਦਿਲਬਰ ਨੇ ਉਹਨਾਂ ਦੀ ਵਿਰਾਸਤ ਨੂੰ ਅੱਗੇ ਤੋਰ ਲਿਆ ਕਿਉਂਕਿ ਇਹ ਦਿਲਬਰ ਸਾਹਿਬ ਦੀ ਖਾਹਿਸ਼ ਸੀ। ਕੁਲਜੀਤ ਸਿੰਘ ਬੈਂਕ ਦੀ ਨੌਕਰੀ ਛੱਡ ਕੇ ਆਪਣਾ ਸਮੁੱਚਾ ਜੀਵਨ ਢਾਡੀ ਕਲਾ ਨੂੰ ਸਮਰਪਿਤ ਕਰ ਚੁੱਕਿਆ ਹੈ। ਆਓ ! ਦਿਲਬਰ ਜੀ ਦੀਆਂ ਲਿਖਤਾਂ 'ਚੋਂ ਪੰਜਾਬ ਦੀਆਂ ਪੇਂਡੂ ਸੱਥਾਂ ਦੀ ਬਹੁਤ ਹਰਮਨ ਪਿਆਰੀ ਵਿਧਾ 'ਕਲੀ' ਤੇ ਝਾਤ ਮਾਰੀਏ:

ਹੀਰੇ ਭੁੱਲ ਗਈ ਏਂ ਤੂੰ ਆਪਣੇ ਰਾਂਝੇ ਚਾਕ ਨੂੰ
ਤੁਸੀਂ ਬੜੇ ਚਰਿੱਤਰ ਜਾਣ ਦੀਆਂ
ਤੁਸੀਂ ਰਲ ਜਾਵੋ ਜਦ ਹਾਣ ਦੀਆਂ
ਤੁਸੀਂ ਦੁੱਧੋਂ ਪਾਣੀ ਛਾਣ ਦੀਆਂ
ਭੁੱਲ ਸੁਰਤਾਂ ਜਾਣ ਸ਼ੈਤਾਨ ਦੀਆਂ
ਤੁਸੀਂ ਰੰਨਾਂ ਬਾਰਾਂ ਤਾਲੀਆਂ
ਹੀਰੇ ਭੁੱਲ ਗਈ ਏਂ ਤੂੰ ਆਪਣੇ ਰਾਂਝੇ ਚਾਕ ਨੂੰ
ਮੌਜਾਂ ਕਰਦੀ ਏਂ ਹੁਣ ਰੰਗਪੁਰ ਦੇ ਵਿੱਚ ਜਾ ਕੇ
ਸੱਭੇ ਯਾਰ ਹੁੰਦੇ ਆਪੋ ਆਪਣੇ ਮਤਲਬ ਦੇ
ਦੁਨੀਆਂ ਦੇਖ ਲਈ ਏ ਸਾਰੀ ਠੋਕ ਵਜਾ ਕੇ
ਸਾਨੂੰ ਲਾਰਾ ਲਾ ਕੇ ਡੋਲੀ ਚੜ੍ਹ ਗਈਓਂ ਖੇੜਿਆਂ ਦੀ
ਅਸੀਂ ਉਮਰ ਗੁਆ ਲਈ ਤੇਰੀ ਮੱਝੀਂ ਚਰਾ ਕੇ
ਚੌਧਰਪੁਣਾ ਗੁਆ ਕੇ ਤੇਰਾ ਚਾਕ ਸਦਾ ਲਿਆ ਨੀ
ਚਾਕ ਤੋਂ ਜੋਗੀ ਬਣਨਾ ਪੈ ਗਿਆ ਕੰਨ ਪੜਵਾ ਕੇ
ਤੇਰੇ ਭਾਅ ਦਾ ਹੀਰੇ ਰਾਂਝਾ ਅੱਜ ਤੋਂ ਉਜੜ ਗਿਆ
ਸਾਡੇ ਭਾਅ ਦੀ ਉਜੜਗੀ ਦੁਨੀਆਂ ਕਿਆਮਤ ਆ ਕੇ
ਭੁੱਲਗੇ ਬੇਲੇ ਵਾਲੇ ਛੰਨੇ ਨਹੀਂਗੇ ਚੂਰੀ ਦੇ
ਸੀਨੇ ਠੰਢ ਪਾਉਂਦੀ ਸੀ ਹੱਥੀਂ ਆਪ ਖੁਆ ਕੇ
ਸੀਨਾ ਡੰਗਿਆ ਸੱਜਣੀ ਕਾਲੇ ਜ਼ੁਲਫ ਦੇ ਨਾਗਾਂ ਨੇ
ਲੁੱਟਿਆ ਦਿਲ ਨੂੰ ਤਿੱਖੇ ਨੈਣੋਂ ਤੀਰ ਚਲਾ ਕੇ
ਧੋਖਾ ਸੱਜਣਾਂ ਤਾਈਂ ਕਦੇ ਕਮਲੀਏ ਦੇਈਏ ਨਾ
ਫੂਕ ਮਾਰੀਏ ਨਾ ਨੀ ਇਸ਼ਕ ਦੀ ਜੋਤ ਜਗਾ ਕੇ
ਆਖਰ ਨਾਮ ਕਿਸੇ ਨੀ ਲੈਣਾ ਖੇੜੇ ਸੈਦੇ ਦਾ
ਹੀਰ ਰਾਂਝੇ ਦੀ ਸਭ ਕਹਿਣਗੇ ਸੁਣਾ ਕੇ
'ਦਿਲਬਰ' ਨਵੇਂ ਸ਼ਹਿਰ ਦਾ, ਸੋਹਣੀਏ ਲਿਖਦੂ ਕਲੀਆਂ ਨੀ
ਢਾਡੀ ਖੁਸ਼ ਕਰਨਗੇ ਲੋਕਾਂ ਨੂੰ ਸੁਣਾ ਕੇ

ਦਿਲਬਰ ਜੀ ਦੀਆਂ ਪੁਸਤਕਾਂ ਵਿੱਚ, ਦਿਲਬਰ ਤਰਾਨੇ, ਦਿਲਬਰ ਸੰਗੀਤ, ਗਾਉਂਦਾ ਦਿਲਬਰ, ਗੀਤਾਂ ਵਿੱਚ ਦਿਲਬਰ, ਸੱਥਰਾਂ ਤੇ ਸੌਣ ਵਾਲਿਆ, ਦਿਲਬਰ ਵਾਰਾਂ, ਦਿਲਬਰ ਪ੍ਰਸੰਗ, ਦਿਲਬਰ ਸਧਰਾਂ, ਦਿਲਬਰ ਉਡਾਰੀਆਂ, ਦਿਲਬਰ ਰੀਝਾਂ, ਦਿਲਬਰ ਦੀ ਦੁਨੀਆ, ਦਿਲਬਰ ਦੇ ਗੀਤ, ਰੰਗੀਲਾ ਜੋਬਨ, ਦਿਲਬਰ ਬਾਝੋਂ ਜੀਅ ਨਹੀਂ ਲੱਗਦਾ ਸਮੇਤ ਵੀਹ ਕੁ ਪੁਸਤਕਾਂ ਛਪ ਚੁੱਕੀਆਂ ਹਨ। ਦਿਲਬਰ ਜੀ ਨੇ ਜਿੱਥੇ ਸਿੱਖ ਇਤਿਹਾਸ ਬਾਰੇ ਬਹੁਤ ਲਿਖਿਆ ਬੋਲਿਆ ਤੇ ਗਾਇਆ ਉੱਥੇ ਪੰਜਾਬੀਆਂ ਦੇ ਦਿਲਾਂ 'ਚ ਵਸਦੇ ਕਿੱਸਾ ਕਾਵਿ ਨੂੰ ਵੀ ਆਪਣੇ ਨਿਵੇਕਲੇ ਅੰਦਾਜ਼ ਵਿੱਚ ਸਮੇਂ ਦੇ ਲੋਕਾਂ ਦੇ ਹਾਣ ਦਾ ਹੋ ਕੇ ਲਿਖਿਆ। ਕਿੱਸਾ ਪੂਰਨ ਭਗਤ ਵਿੱਚ ਪੂਰਨ ਦੀ ਜਵਾਨੀ ਤੇ ਮੋਹਿਤ ਹੋਈ ਲੂਣਾ ਦੇ ਦ੍ਰਿਸ਼ ਨੂੰ ਦਿਲਬਰ ਜੀ ਨੇ ਇੰਝ ਕਲਮਬੱਧ ਕੀਤਾ ਹੈ:

ਲੂਣਾ ਕਹਿੰਦੀ ਪੂਰਨਾ ਤੈਨੂੰ ਸੱਚ ਸੁਣਾਵਾਂ
ਤੈਥੋਂ ਮੇਰੇ ਸੋਹਣਿਆ ਮੈਂ ਸਦਕੇ ਜਾਵਾਂ
ਤੈਨੂੰ ਫੁੱਲਾਂ ਲੱਦੀ ਸੇਜ 'ਤੇ ਚਾਅ ਨਾਲ ਬਿਠਾਵਾਂ
ਤੈਨੂੰ ਸੀਨੇ ਲਾਵਾਂ ਘੁੱਟ ਕੇ ਤੇ ਸੱਧਰਾਂ ਲਾਹਵਾਂ
ਮੇਰਾ ਰੰਗਲਾ ਜੋਬਨ ਮਾਣ ਲੈ ਚਾਅ ਨਾਲ ਲੁਟਾਵਾਂ
ਤੈਥੋਂ ਹੁਸਨ ਜਵਾਨੀ ਵਾਰ ਕੇ, ਮੈਂ ਖੁਸ਼ੀ ਮਨਾਵਾਂ
ਮੇਰੇ ਸਾਹ 'ਚੋਂ ਖੁਸ਼ਬੂ ਲੈਂਦੀਆਂ ਕਈ ਮਸਤ ਹਵਾਵਾਂ
ਦਿਲ ਅੱਗ ਭੜਕਦੀ ਹਿਜ਼ਰ ਦੀ, ਕਰ ਪਿਆਰ ਬੁਝਾਵਾਂ
ਆ ਮੇਰੀਆਂ ਦੇਖ ਨਜ਼ਾਕਤਾਂ ਤੇ ਸ਼ੋਖ ਅਦਾਵਾਂ
ਮੈਨੂੰ ਨਜ਼ਰਾਂ ਉੱਤੇ ਨਾਜ ਹੈ, ਪੰਛੀ ਫੜਕਾਵਾਂ
ਮੈਂ ਗੂੜ੍ਹਾ ਪਾਇਆ ਕੱਜਲਾ, ਚਾਅ ਵਿਚ ਮਟਕਾਵਾਂ
ਵਿੱਚ ਜਾਮ ਵਸਲ ਦੇ 'ਦਿਲਬਰਾ' ਮੈਂ ਰੁੜ੍ਹਦੀ ਜਾਵਾਂ

ਭਾਸ਼ਾ ਵਿਭਾਗ ਪੰਜਾਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਨੇ ਦਿਲਬਰ ਜੀ ਨੂੰ ਸ਼੍ਰੋਮਣੀ ਢਾਡੀ ਦੇ ਮਾਣਮੱਤੇ ਖਿਤਾਬ ਨਾਲ ਨਿਵਾਜਿਆ। ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਦਿਆ ਸਿੰਘ ਦਿਲਬਰ ਜੀ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਸ਼ੁਸ਼ੋਭਿਤ ਕੀਤੀ ਗਈ ਹੈ। ਸਾਡੇ ਗਾਇਕ ਉਹਨਾਂ ਦੇ ਲਿਖੇ ਗੀਤਾਂ ਨੂੰ ਗਾ ਕੇ ਪੰਜਾਬ ਦੀ ਵਿਰਾਸਤ ਦੇ ਵਾਰਸ ਬਣ ਸਕਦੇ ਹਨ। 26 ਜਨਵਰੀ 2006 ਨੂੰ ਜਦੋਂ ਸਾਰਾ ਭਾਰਤ ਗਣਤੰਤਰਤਾ ਦਿਵਸ ਮਨਾ ਰਿਹਾ ਸੀ। ਪੰਜਾਬ ਦਾ ਇਹ ਮਹਾਨ ਢਾਡੀ, ਸਿੱਖ ਇਤਿਹਾਸਕਾਰ, ਵਿਦਵਾਨ ਗੀਤਕਾਰ ਸਾਥੋਂ ਸਦਾ ਲਈ ਵਿੱਛੜ ਗਿਆ। ਜਾਂਦੇ-ਜਾਂਦੇ ਦਿਲ ਨੂੰ ਧਾਅ ਪਾਉਣ ਵਾਲਾ, ਦਿਲਬਰ ਜੀ ਦਾ ਇੱਕ ਹੋਰ ਰੰਗ ਦੇਖਿਓ:

*ਕਿਤੇ ਦਿਸੇ ਨਾ ਜਨਕ ਦੀ ਜਾਈ*
*ਕੁਟੀਆ 'ਚ ਕਾਂ ਬੋਲਦੇ*
*ਸੀਨਾ ਚੀਰ ਗਈ ਸੱਜਣ ਦੀ ਜੁਦਾਈ*
*ਕੁਟੀਆ 'ਚ ਕਾਂ ਬੋਲਦੇ*

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ


# ਜ਼ਿੰਦਗੀ ਦਾ ਪਿਛਲਾ ਪਹਿਰ ਵੀ ਪਿਆਰਾ ਤੇ ਅਰਥ ਭਰਪੂਰ ਹੁੰਦਾ ਐ !

ਜਨਮ ਮਰਨ ਸਾਡੇ ਵੱਸ ਚ ਨਹੀਂ, ਪਰ ਜੋ ਜ਼ਿੰਦਗੀ ਮਿਲੀ ਹੈ ਇਸ ਦੀ ਸਾਂਭ ਸੰਭਾਲ ਤੇ ਯੋਗ ਵਰਤੋਂ ਕਾਫ਼ੀ ਹੱਦ ਤੀਕ ਸਾਡੇ ਹੱਥ ਵੱਸ ਹੈ, ਮਨੁੱਖੀ ਜੂਨ ਬੜੀ ਦੁਰਲੱਭ ਚੀਜ਼ ਹੈ,ਮੌਤ ਦਾ ਸੱਦਾ ਪਤਾ ਨਹੀਂ ਕਦ ਆ ਪਹੁੰਚੇ, ਪਰ ਜ਼ਿੰਦਗੀ ਦੇ ਆਖ਼ਰੀ ਪਲ,ਆਖ਼ਰੀ ਸੁਆਸ ਤੀਕ ਇਸ ਨੂੰ ਮਾਨਣਾ ਜਿਉਣਾ ਹੀ ਜ਼ਿੰਦਾ ਦਿਲੀ ਤੇ ਜ਼ਿੰਦਗੀ ਹੈ,

ਠੀਕ ਹੈ ਬਚਪਨ ਜੁਆਨੀ, ਵਿਚਕਾਰਲੀ ਉਮਰ ਦੇ ਆਪਣੇ ਰੰਗ ਤੇ ਖੇਡਾਂ ਹਨ,ਪਰ ਜ਼ਿੰਦਗੀ ਦਾ ਅਖੀਰਲਾ ਪਹਿਰ ਜਿਸ ਨੂੰ ਅਸੀਂ ਬੁਢੇਪਾ ਕਹਿੰਦੇ ਹਾਂ, ਕਿਸੇ ਦੀ ਨੂੰਹ ਧੀ ਨਾਲੋਂ ਘੱਟ ਨਹੀਂ, ਇਸ ਉਮਰ ਚ ਪੈਰ ਧਰਨ ਜਾਂ ਇਸ ਉਮਰ ਚ ਸੁਮਾਰ ਹੋਣ ਨਾਲ ਸਾਡੀ ਖੇਡ ਜਾਂ ਬਾਜ਼ੀ ਖ਼ਤਮ ਨਹੀਂ ਹੋ ਜਾਂਦੀ, ਅਸੀਂ ਬੇਕਾਰ ਤੇ ਲਾਚਾਰ ਨਹੀਂ ਹੋ ਜਾਂਦੇ, ਕਈ ਵਾਰ ਤਾਂ ਅਸਲ ਚ ਜ਼ਿੰਦਗੀ ਦੀ ਅਸਲੀ ਪਾਰੀ ਹੀ ਇਸ ਉਮਰ ਚ ਸ਼ੁਰੂ ਹੁੰਦੀ ਹੈ, ਹੁਣ ਤੀਕ ਤਾਂ ਤਜ਼ਰਬੇ ਕੀਤੇ ਹੁੰਦੇ ਹਨ, ਦੁਨੀਆ ਨੂੰ ਪਰਖਿਆ ਤੇ ਅਜਮਾਇਆ ਹੁੰਦਾ ਹੈ, ਰੋਟੀ ਰੋਜ਼ੀ ਦੇ ਲਾਲੇ ਪਾਲੇ ਕੀਤੇ ਹੁੰਦੇ ਹਨ, ਪਰਿਵਾਰ ਬਚਿਆਂ ਦੀ ਪਰਿਵਰਸ਼ ਕੀਤੀ ਹੁੰਦੀ ਹੈ, ਆਪਣਾ ਸਾਰਾ ਧਿਆਨ ਹੋਰਾਂ ਵੱਲ ਲਗਾਇਆ ਹੁੰਦਾ ਹੈ, 60-65 ਦੀ ਉਮਰ ਤੀਕ ਪਹੁੰਚਦਿਆਂ ਹੀ ਸਾਨੂੰ ਸੁਰਤ ਆਉਂਦੀ ਹੈ ਕਿ ਮਿੱਤਰਾ ਜ਼ਿੰਦਗੀ ਤਾਂ ਲੰਘ ਚੱਲੀ ਹੈ, ਇਹ ਵਾਰ ਵਾਰ ਨਹੀਂ ਆਉਣੀ,ਇਸ ਦਾ ਵੱਧ ਤੋਂ ਵੱਧ ਲਾਹਾ ਖੱਟ ਲੈ, ਜੋ ਸ਼ੌਕ ਰਹਿ ਗਏ ਜਾਂ ਦੱਬ ਗਏ ਉਹਨਾਂ ਨੂੰ ਪੂਰਿਆਂ ਕਰ ਲੈ,ਜੋ ਕੁੱਝ ਹੋਰ ਕਰਨਾ ਉਹ ਵੀ ਕਰਲਾ,ਲਿਖ ਲੈ, ਪੜ੍ਹ ਲੈ,ਸਿਹਤ ਨੂੰ ਸੰਭਾਲ ਲੈ,ਆਪਣੇ ਵੱਲ, ਆਪਣੀ ਜੀਵਨ ਸਾਥਣ ਵੱਲ ਧਿਆਨ ਦੇ ਲੈ,ਜੋ ਕੁੱਝ ਦੇਖ ਸਕਦੈਂ ਦੇਖ ਲੈ, ਜੋ ਮੌਜ ਮਸਤੀਆਂ ਕਰਨੀਆਂ ਹਨ ਕਰ ਲੈ, ਸਮਾਜ ਸੇਵਾ ਵਿੱਚ ਜੋ ਤਿਲ ਫੁੱਲ ਪਾਉਣਾ ਪਾ ਲੈ। ਪਰ ਸਾਨੂੰ ਕਦੇ ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਹੁਣ ਕਿਸੇ ਕੰਮ ਦੇ ਨਹੀਂ ਰਹੇ, ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਸਾਡਾ ਸਮਾਂ ਪੁੱਗ ਗਿਆ ਹੈ, ਜ਼ਿੰਦਗੀ ਦੀ ਬਾਜ਼ੀ ਹੁਣ ਸਾਡੇ ਹੱਥੋਂ ਨਿਕਲ ਗਈ ਹੈ, ਸਾਡਾ ਯੁੱਗ ਖ਼ਤਮ ਹੋ ਗਿਆ ਹੈ, ਸਾਡੇ ਦੀਵੇ ਚੋਂ ਤੇਲ ਮੁੱਕ ਗਿਆ ਹੈ, ਨਹੀਂ ਅਜਿਹਾ ਕੁੱਝ ਵੀ ਨਹੀਂ ਹੁੰਦਾ, ਬੱਸ ਅਸੀਂ ਮਾਨਸਕ ਤੌਰ ਤੇ ਹਾਰ ਮੰਨ ਬਹਿੰਦੇ ਹਾਂ, ਢੇਰੀ ਢਾਹ ਬਹਿੰਦੇ ਹਾਂ, ਹਥਿਆਰ ਸੁੱਟ ਬਹਿੰਦੇ ਹਾਂ,ਠੀਕ ਹੈ ਉਮਰ ਨੇ ਸਾਡੇ ਵਿੱਚ ਕਈ ਤਬਦੀਲੀਆਂ ਲਿਆ ਦਿੱਤੀਆਂ ਹਨ ,ਪਰ ਇਸ ਦੇ ਬਦਲੇ ਸਾਨੂੰ ਤਜ਼ੁਰਬੇ, ਸਿਆਣਪ ਤੇ ਸਵੈ ਭਰੋਸੇ ਦੀ ਨਿਆਮਤ ਦਾਤ ਤੇ ਬਖਸ਼ਿਸ ਵੀ ਤਾਂ ਨਸੀਬ ਹੋਈ ਹੈ, ਜੋ ਹਰ ਕਿਸੇ ਕੋਲ ਨਹੀਂ ਹੁੰਦੀ।



ਇਹ ਸਾਰੀਆਂ ਗੱਲਾਂ ਸਾਡੇ ਸਮਾਜ ਨੇ ਪੈਦਾ ਕੀਤੀਆਂ ਹੋਈਆਂ ਹਨ,ਬਾਬਾ ਹੁਣ ਤੂੰ ਆਰਾਮ ਕਰ, ਰੱਬ ਰੱਬ ਕਰ, ਦੁਨੀਆ ਦੇ ਝਮੇਲੇ ਛੱਡ,ਅਗਲਾ ਜਨਮ ਸੁਆਰ, ਮੈਂ ਨਹੀਂ ਕਹਿੰਦਾ ਜੋ ਬੰਦਾ ਪਾਠ ਕਰਨਾ ਚਾਹੁੰਦਾ ਪਾਠ ਨਾ ਕਰੇ, ਇਸ ਨਾਲ ਬੰਦੇ ਨੂੰ ਸ਼ਾਂਤੀ ਤੇ ਸਕੂਨ ਮਿਲਦੈ, ਫਿਕਰਾਂ ਤੋਂ ਧਿਆਨ ਹੱਟਦੈ, ਪਰ ਇਹ ਮੰਨ ਲੈਣਾ ਬਿਲਕੁਲ ਗਲਤ ਹੈ ਕਿ ਹੁਣ ਮੇਰੀ ਖੇਡ ਖ਼ਤਮ ਹੋ ਗਈ ਹੈ। ਮੇਰੇ ਕਰਨ ਵਾਲਾ ਹੁਣ ਕੁੱਝ ਨਹੀਂ ਰਿਹਾ। ਮੇਰੀ ਹਿੰਮਤ ਸ਼ਕਤੀ ਤੇ ਸਤਿਆ ਮੁੱਕ ਗਈ ਹੈ। ਇਸ ਦੀ ਥਾਂ ਸਾਨੂੰ ਮਹਿਸੂਸ ਕਰਨਾ ਚਾਹੀਦਾ ਹੈ ਕਿ ਮੈਂ ਕਿੰਨਾ ਸ਼ਕਤੀਸ਼ਾਲੀ ਤੇ ਭਾਗਾਂਵਾਲਾ ਹਾਂ ਕਿ ਮੈਂ 70 ਨੂੰ ਢੁੱਕ ਗਿਆਂ ਹਾਂ, ਮੈਂ 80 ਨੂੰ ਪਹੁੰਚ ਗਿਆਂ ਹਾਂ,ਇਸਨੂੰ ਵੀ ਟੱਪ ਗਿਆਂ ਹਾਂ, ਇਸ ਉਮਰ ਤੀਕ ਪਹੁੰਚਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਥੋੜੇ ਮਾਈ ਦੇ ਲਾਲ ਹੀ ਇਸ ਉਮਰ ਨੂੰ ਪਹੁੰਚਦੇ ਹਨ, ਦੁਨੀਆਂ ਦੇ ਸਿਰਫ਼ 43% ਲੋਕ 70 ਨੂੰ, 29% ਲੋਕ 75-84 ਨੂੰ ਤੇ 13% 85 ਨੂੰ ਟੱਪਦੇ ਹਨ। ਇਸ ਕਰਕੇ ਪਿਛਲੇ ਪਹਿਰ ਨੂੰ ਪਹੁੰਚੇ ਸਾਰੇ ਲੋਕ ਇੱਕ ਰੂਪ ਚ ਧਰਤੀ ਦੇ ਤੰਦਰੁਸਤ ਤੇ ਮਜ਼ਬੂਤ ਲੋਕ ਹੀ ਹੁੰਦੇ ਹਨ, ਇਨ੍ਹਾਂ ਦੇ ਨਿਰਾਸ਼ ਹੋਣ ਦੀ ਕੋਈ ਵਜਾ ਹੀ ਨਹੀਂ ਹੈ,ਇਨ੍ਹਾਂ ਨੂੰ ਹਮੇਸ਼ਾ ਚੜ੍ਹਦੀ ਕਲਾ ਚ ਰਹਿਣਾ ਚਾਹੀਦਾ ਹੈ, ਰਹਿੰਦੀ ਜ਼ਿੰਦਗੀ ਸਲੀਕੇ ਤੇ ਸ਼ਾਨ ਨਾਲ ਜਿਉਣੀ ਚਾਹੀਦੀ ਹੈ,ਉਹ ਜੋ ਕਰ ਸਕਦੇ ਹਨ ਤੇ ਕਰਨਾ ਚਾਹੁੰਦੇ ਹਨ,ਉਹ ਸਭ ਕੁੱਝ ਕਰ ਲੈਣਾ ਚਾਹੀਦਾ ਹੈ, ਦਿਲ ਦੇ ਸਾਰੇ ਰਹਿੰਦੇ ਅਰਮਾਨ ਪੂਰੇ ਕਰ ਲੈਣੇ ਚਾਹੀਦੇ ਹਨ, ਹਰ ਕਿਸੇ ਨੂੰ ਪਿਆਰ, ਮੁਹੱਬਤ ਨਾਲ ਪੇਸ਼ ਆਉਣਾ ਚਾਹੀਦਾ ਹੈ। ਬੱਚਿਆਂ,ਪੋਤਿਆਂ ਪੋਤੀਆਂ, ਦੋਹਤੇ ਦੋਹਤੀਆਂ, ਆਪਣੇ ਪਿਆਰੇ ਡੋਗੀਆਂ, ਪਤਨੀ, ਮਿੱਤਰ ਦੋਸਤ ਸਭ ਨਾਲ ਹੱਸ ਖੇਡ ਕਿ ਜੀਵਨ ਗੁਜਾਰਨਾ ਚਾਹੀਦਾ ਹੈ, ਪਰ ਸਿਹਤ, ਸੈਰ, ਕਸਰਤ ਖੁਰਾਕ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ, ਸਦਾ ਖੁਸ਼ ਰਹਿਣਾ ਚਾਹੀਦਾ ਹੈ।


(ਮਾਨਸਾ ਆਲੇ ਬਾਈ ਨਰਿੰਦਰ ਚਹਿਲ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)




## ਕਿੱਦਾਂ ਖਿੜਦੀਆਂ ਨੇ ਫਸਲਾਂ ਮੈਨੂੰ ਭੇਤ ਨਾ ਮਿਲਿਆ
## ਮੈਂ ਵੀ ਬੀਜਣੇ ਸੀ ਸੁਪਨੇ ਪਰ ਖੇਤ ਨਾ ਮਿਲਿਆ !........(ਸ਼ਿਵ ਕੁਮਾਰ )

ਕਿਹਾ ਜਾਂਦਾ ਏ ਕਿ ਸੁਪਨਾ ਉਹ ਨਹੀਂ ਹੁੰਦਾ ਜੋ ਸੁੱਤੇ ਪਿਆਂ ਨੂੰ ਆਵੇ, ਸਗੋਂ ਸੁਪਨਾ ਉਹ ਹੁੰਦਾ ਹੈ ਜੋ ਸੌਣ ਨਾ ਦੇਵੇ। ਜਾਗ ਰਹੀਆਂ ਅੱਖਾਂ ਦਾ ਅਜਿਹਾ ਸੁਪਨਾ ਹਰ ਵਕਤ ਮਗਜ਼ ਤਪਾਈ ਰੱਖਦਾ ਹੈ। ਇੱਕ ਅੱਚਵੀ ਜਾਂ ਲੂਹਰੀ ਜਾਂ ਕੁੱਝ ਕਰ ਗੁਜਰਨ ਦੀ ਤਾਂਘ ਟਿਕਣ ਹੀ ਨਹੀਂ ਦਿੰਦੀ। ਪਰ ਇਹ ਤਾਂ ਸਿਆਣਿਆਂ ਦੇ ਕਹਿਣ ਦੀਆਂ ਗੱਲਾਂ ਨੇ ,ਬਹੁਤੇ ਲੋਕ ਆਪਣੇ ਵਿਤ,ਜੇਬ ਜਾਂ ਸਮਰੱਥਾ ਨਾਲ ਕਲਪਨਾ ਵਿੱਚ ਉੱਸਰ ਰਹੀ ਦੁਨੀਆਂ ਨਾਲ ਗੁੱਥਮਗੁੱਥਾ ਕਰਦੇ ਹੀ ਭਵਿੱਖੀ ਸੁਪਨੇ ਵਿਉਂਤਦੇ ਵਕਤ ਦੀ ਡਾਹ ਲੈਂਦੇ ਹਨ। ਕਈਆਂ ਦੇ ਇਹ ਸਭ ਸੁਪਨੇ ਸ਼ੇਖਚਿੱਲੀ ਵਾਂਗ ਬਣਕੇ ਸਭ ਸੋਚਾਂ ਚਕਨਾਚੂਰ ਵੀ ਕਰ ਧਰਦੇ ਹਨ। ਕੁੱਝ ਲੋਕ ਆਪਣੇ ਅਕੀਦੇ ਤੇ ਪਹਿਰਾ ਦੇਣ ਖੜ੍ਹਦੇ ਹੋਰਨਾਂ ਨੂੰ ਵੀ ਕੱਛਾਂ ਤੋਂ ਚੁੱਕ ਕੇ ਮੇਲਾ ਦੇਖਣ ਲਾ ਧਰਦੇ ਹਨ। ਸੁਪਨਾ ਸਾਡੀ ਨੀਂਦ ਵਿੱਚ ਨਿਭ ਰਿਹਾ ਅਜਿਹਾ ਟੇਢਾ ਕਾਰਜ ਹੈ ਜਿਸਦੀ ਪਕੜ ਹਾਲੇ ਨੀਂਦ ਦੇ ਮਾਹਿਰਾਂ ਕੋਲ ਵੀ ਨਹੀਂ ਅਪੜੀ। ਕਹਿੰਦੇ ਹਨ ਨੀਂਦ ਕਈ ਪਰਤਾਂ ਵਿੱਚ ਸਾਨੂੰ ਅਰਾਮ ਦਿੰਦੀ ਹੈ। ਫੋਨ ਵਾਂਗ ਸਾਨੂੰ ਰੀਚਾਰਜ ਕਰਦੀ ਅੰਦਰਲੀ ਟੁੱਟ ਭੱਜ ਨੂੰ ਸਵਾਰਦੀ ਹੈ। ਅਜਿਹੀ ਹੀ ਪਰਤ ਵਿੱਚ ਸਾਨੂੰ ਸੁਪਨੇ ਆ ਘੇਰਦੇ ਹਨ। ਮਨੋਵਿਗਿਆਨੀ ਦੱਸਦੇ ਹਨ ਕਿ ਅਧੂਰੀਆਂ ਰਹੀਆਂ ਖਾਹਸ਼ਾਂ , ਮਨੋਕਾਮਨਾਵਾਂ ਜਾਂ ਵਿਤ ਬਾਹਰ ਰਹੀਆਂ ਅਪ੍ਰਾਪਤੀਆਂ ਸੀਨੇ ਵਿੱਚ ਦਫ਼ਨ ਹੁੰਦੀਆਂ ਹਨ। ਇਨ੍ਹਾਂ ਸਭ ਦੀ ਫੋਲਾਫਾਲੀ ਵਿਚੋਂ ਹੀ ਸੁਪਨੇ ਜਨਮਦੇ ਹੋਣਗੇ। ਜਿਨ੍ਹਾਂ ਹਾਲਾਤਾਂ ਵਿੱਚ ਅਸੀਂ ਜੀਵਨ ਨਿਰਬਾਹ ਕਰਦੇ ਹਾਂ, ਉਹ ਸਾਡੀਆਂ ਰੀਝਾਂ ਅਤੇ ਸਾਡੇ ਵਿਤ ਨਾਲ ਹਰ ਸਮੇਂ ਖਹਿ ਰਹੀਆਂ ਹੀ ਸੁਪਨੇ ਨੂੰ ਸਿਰਜਦੀਆਂ ਹੋਣਗੀਆਂ। ਸੁਣਿਆ ਹੈ ਕਿ ਕਈਆਂ ਨੇ ਸੁਪਨੇ ਵਿੱਚ ਹੀ ਕਈ ਖੋਜਾਂ ਕਰ ਧਰੀਆਂ ਹਨ। ਮੇਰੀ ਕਿਊਰੀ ਨੇ ਰੇਡੀਓ ਦੀ ਕਾਢ ਸੁਪਨੇ ਵਿੱਚ ਹੀ ਸਿਰਜੀ ਸੀ। ਇਉਂ ਹੀ ਅੰਗਰੇਜ਼ੀ ਦੇ ਕਵੀ ਕੌਲਰਿਜ ਨੇ ਕੂਬਲਾ ਖਾਨ ਨਾਮ ਦੀ ਰਚਨਾ ਵੀ ਸੁਪਨੇ ਵਿੱਚ ਹੀ ਕੀਤੀ ਸੀ। ਸਾਡੇ ਤੋਂ ਤਾਂ ਭਾਈ ਸੁਪਨੇ ਵਿੱਚ ਪਈ ਗੰਢ ਵੀ ਨਹੀਂ ਖੋਹਲੀ ਜਾਂਦੀ। ਲੋਕ ਮਨ ਦਾ ਇਹ ਵਿਸ਼ਵਾਸ ਹੈ ਕਿ ਸੁਪਨਿਆਂ ਨਾਲ ਭਵਿੱਖੀ ਹੋਣੀ ਵੀ ਜੁੜੀ ਹੁੰਦੀ ਹੈ। ਪੀਰ ਫਕੀਰ ਤਾਂ ਆ ਰਹੇ ਸਮੇਂ ਦੇ ਵਾਵਰੋਲੇ ਵੀ ਸੁਲਝਾ ਲੈਂਦੇ ਹਨ। ਸੁਪਨਿਆਂ ਨਾਲ ਸਾਡੇ ਲਈ ਵਹਿਮ ਭਰਮ ਵੀ ਆ ਜੁੜਦੇ ਹਨ ਕਿ ਜੇ ਮੈਂ ਸੱਪ ਦੇਖ ਲਿਆ ਤਾਂ ਕੋਈ ਸੁੱਖਣਾ ਅਧੂਰੀ ਹੈ। ਵਿਆਹ ਦੇਖਿਆ ਮਾੜਾ ਤੇ ਅਰਥੀ ਜਾਂ ਮੌਤ ਦੇਖੀ ਸ਼ੁਭ ਸ਼ਗਨ ਮੰਨੀ ਜਾਂਦੀ ਹੈ। ਇਉਂ ਹੀ ਸਵੇਰੇ ਦੇ ਸੁਪਨੇ ਦਾ ਯਾਦ ਰਹਿ ਜਾਣਾ ਸੁਪਨੇ ਦੇ ਸੱਚ ਹੋਣ ਦੀ ਧਾਰਨਾ ਪਾਲਦਾ ਹੈ। ਡਾ. ਫਰਾਇਡ ਦੇਹੀ ਸੁੱਖ ਦੇ ਅਤ੍ਰਿਪਤ ਰਹਿਣ ਨੂੰ ਜਾਂ ਪਿਸ਼ਾਬ ਆਉਂਦਾ ਹੋਣ ਨੂੰ ਸੁਪਨੇ ਨਾਲ ਜੋੜਦੇ ਹਨ। ਦੇਸੀ ਦਵਾ ਵਾਲੇ ਪੇਟ ਖਰਾਬ ਹੋਣ ਨੂੰ ਸੁਪਨੇ ਆਉਣਾ ਮੰਨਦੇ ਹਨ। ਇਹ ਸੱਚ ਹੈ ਕਿ ਸੁਪਨੇ ਵਿੱਚ ਹੋਏ ਬੀਤੇ ਲੋਕ ਪੂਰੇ ਜਲੌ ਵਿੱਚ ਹਾਜਰ ਹੋ ਜਾਂਦੇ ਹਨ। ਜੇ ਨੀਂਦ ਵਿੱਚ ਪਿਸ਼ਾਬ ਦੀ ਹਾਜਤ ਹੋਵੇ ਤਾਂ ਅਸੀਂ ਸੁਪਨੇ ਵਿੱਚ ਉਸ ਤੋਂ ਫਾਰਗ ਹੋਣ ਨੂੰ ਬਸ ਥਾਂ ਹੀ ਭਾਲਦੇ ਹਾਂ। ਸੁਪਨੇ ਅਮੀਰ ਗਰੀਬ ਦੇ ਬਰਾਬਰ ਹੀ ਹੁੰਦੇ ਹਨ। ਕਿਹਾ ਜਾਂਦਾ ਹੈ ਉਮਰ ਭਰ ਵਿਚੋਂ ਚਾਰ ਸਾਲ ਸੁਪਨ ਸੰਸਾਰ ਵਿੱਚ ਹੀ ਹੁੰਦੇ ਹਾਂ। ਸੁਪਨੇ ਵਿੱਚ ਕਿਸੇ ਦੇ ਵੀ ਨੈਣ ਨਕਸ਼ ਦਾ ਕਲੋਜ ਅਪ ਨਹੀਂ ਨਿੱਖਰਦਾ। ਸੁਪਨੇ ਵਿੱਚ ਪੂਰੀ ਬੇਤਰਤੀਬੀ ਖਿਲਰੀ ਪਈ ਹੁੰਦੀ ਹੈ। ਕਿਸੇ ਥਾਂ ਤੇ ਸਾਡਾ ਆਪਾ ਕਿਸੇ ਅਣਕਿਆਸੀ ਥਾਂ ਤੇ ਅਜੀਬ ਜਿਹੀ ਹਰਕਤ ਕਰਦਾ ਨਜ਼ਰ ਆ ਜਾਂਦਾ ਹੈ। ਛੋਟਾ ਬੱਚਾ ਜਦ ਸੁੱਤਾ ਪਿਆ ਖੂਬ ਹੱਸਦਾ ਹੈ ਜਾਂ ਹਉਕੇ ਭਰਦਾ ਹੈ ਹਟਕੋਰੇ ਲੈਂਦਾ ਹੈ ਤਾਂ ਬਜ਼ੁਰਗ ਮਾਵਾਂ ਅਨੁਸਾਰ ਉਹ ਪਿਛਲੇ ਜਨਮ ਦੇ ਸੁਪਨੇ ਵਿੱਚ ਹੁੰਦਾ ਹੈ। ਬਿਧ ਮਾਤਾ ਉਸਨੂੰ ਹਸਾ ਰਹੀ ਜਾਂ ਰਵਾ ਰਹੀ ਹੁੰਦੀ ਹੈ। ਇੱਕ ਗੱਲ ਜਰੂਰੀ ਹੈ ਕਿ ਸਾਡੀ ਦਿਮਾਗੀ ਕਸਰਤ ਸੁੱਤੇ ਪਿਆਂ ਵੀ ਬਰਕਰਾਰ ਹੁੰਦੀ ਹੈ। ਸਾਡਾ ਦਿਲ ਅਤੇ ਦਿਮਾਗ ਹਰ ਸਮੇਂ ਚਲ ਰਹੀਆਂ ਅਜਿਹੀਆਂ ਮਸ਼ੀਨਾਂ ਹਨ, ਜਿਹੜੀਆਂ ਜਦ ਤਕ ਸਾਹਾਂ ਦੀ ਪੂੰਜੀ ਚਲਦੀ ਹੈ, ਇਹ ਸਰਗਰਮ ਹੀ ਰਹਿੰਦੀਆਂ ਹਨ। ਨਰਿੰਦਰ ਕਪੂਰ ਲਿਖਦੇ ਹਨ-
ਸੁਪਨੇ ਸਾਡੇ ਤੰਦਰੁਸਤ ਹੋਣ ਦਾ ਪ੍ਰਮਾਣ ਹੁੰਦੇ ਹਨ ਅਤੇ ਇਨ੍ਹਾਂ ਰਾਹੀਂ ਸਾਡੇ ਅਨੇਕਾਂ ਤਣਾਓ, ਦਬਾਓ, ਡਰ ਅਤੇ ਭੈਅ ਦੂਰ ਹੁੰਦੇ ਹਨ।

## ਕਨੇਡੀਅਨ ਸੱਥ

# ਇੰਝ ਲੱਗਦੈ ਜਿਵੇ ਚੋਣਾਂ ਵਾਗ ਹਰ ਚਾਰ ਸਾਲ ਬਾਅਦ ਗੜੇਮਾਰੀ ਵਾਲਾ ਮੌਸਮ ਵੀ ਇਮਤਿਹਾਨ ਈ ਲੈਂਦਾ ਐ!


ਅਸ਼ੀਸ਼ ਨਰੂਲਾ
1 204 890 5040

ਇੰਝ ਲਗਦਾ ਜਿਵੇਂ ਇਹਨਾਂ ਗਰਮੀਆਂ ਦੇ ਮੌਸਮ ਵਿੱਚ ਅਲਬਰਟਾ ਵਾਸੀਆਂ ਨਾਲ ਰੱਬ ਜ਼ਿਆਦਾ ਈ ਨਾਰਾਜ ਚੱਲ ਰਿਹਾ ਹੋਵੇ , ਜੈਸਪਰ ਨੈਸ਼ਨਲ ਪਾਰਕ ਦੀ ਅੱਗ ਅਜੇ ਸੁਲਗ ਰਹੀ ਸੀ ਕਿ ਲੰਘੇ ਦਿਨੀ ਕੈਲਗਰੀ ਸ਼ਹਿਰ ਦੇ ਨਾਰਥ ਵੈਸਟ ਅਤੇ ਈਸਟ ਜਿਸ ਵਿੱਚ ਅੰਤਰਰਾਸ਼ਟਰੀ ਹਵਾਈ ਅੱਡਾ ਵੀ ਗੜੇਮਾਰੀ ਦੀ ਚਪੇਟ ਵਿੱਚ ਆ ਗਿਆ ਅਤੇ ਚੋਖਾ ਨੁਕਸਾਨ ਕਰ ਗਿਆ। ਕਈ ਉਡਾਨਾ ਰੱਦ ਕਰੀਆਂ ਪਈਆ। ਜਿਵੇ ਤਿਵੇਂ ਕਰ ਕੇ ਲੋਕਾਂ ਨੇ ਬਚਣ ਦੀ ਵੀ ਕੋਸ਼ਿਸ਼ ਕੀਤੀ ਪਰ ਕੁਦਰਤ ਅੱਗੇ ਕਾਹਦਾ ਜੋਰ ,ਲੋਕਾਂ ਨੂੰ ਸੰਭਲਣ ਦਾ ਮੌਕਾ ਹੀ ਨਹੀ ਮਿਲਿਆ। ਗੜ੍ਹਿਆਂ ਦੀ ਮਾਰ ਤੋਂ ਬਚਣ ਲਈ ਲੋਕਾਂ ਨੇ ਸੜਕਾਂ ਤੇ ਲੱਗੇ ਦਰਖਤਾਂ , ਗੈਸ ਸਟੇਸ਼ਨਾਂ ਜਾਂ ਪੁਲਾਂ ਹੇਠ ਲੁਕਣ ਦੀ ਕੋਸ਼ਿਸ਼ ਕੀਤੀ। ਹਾਲਾਂ ਕਿ ਪੁਲਾਂ ਦੇ ਹੇਠਾਂ ਖੜਨਾ ਖਤਰੇ ਤੋਂ ਖਾਲੀ ਨਹੀਂ ਇਸ ਗੱਲ ਦੀ ਪ੍ਰਸ਼ਾਸਨ ਵੱਲੋਂ ਵੀ ਵਾਰ ਵਾਰ ਅਪੀਲ ਕੀਤੀ ਜਾਂਦੀ ਹੈ ਕਿ ਪੁਲਾਂ ਹੇਠ ਨਾ ਖੜਿਆ ਜਾਵੇ ਖਤਰਨਾਕ ਹੋ ਸਕਦਾ ਹੈ ਪਰ ਜਦੋਂ ਸਿਰ ਪੈਂਦੀ ਹੈ ਓਦੋਂ ਲੁਕਣ ਦੀ ਜਗਾ ਤਲਾਸ਼ ਕਰਨਾ ਸੁਭਾਵਿਕ ਹੈ। ਹਜਾਰਾਂ ਦੀ ਗਿਣਤੀ ਵਿੱਚ ਬੀਮਾ ਕਲੇਮ ਖੁੱਲ ਗਏ ਹਨ ਹੁਣ ਬੀਮਾ ਕੰਪਨੀਆਂ ਕਿੰਨਾ ਕੁ ਸਹਿਯੋਗ ਕਰਦੀਆਂ ਹਨ ਇਹ ਹੁਣ ਆਉਂਦੇ ਦਿਨਾਂ ਵਿੱਚ ਪਤਾ ਲੱਗ ਜਾਵੇਗਾ। ਅਸੀਂ ਅਦਾਰਾ ਪੰਜਾਬੀ ਅਖਬਾਰ ਵੱਲੋਂ ਅਪੀਲ ਕਰਦੇ ਹਾਂ ਕਿ ਆਪਣੇ ਚੰਗੇ ਮਾੜੇ ਤਜ਼ਰਬੇ ਸ਼ੋਸ਼ਲ ਮੀਡੀਆ ਜਾਂ ਰੇਡੀਓ ਜਾਂ ਅਖਬਾਰ ਰਾਹੀ ਸਾਂਝੇ ਕਰੋ ਤਾਂ ਕਿ ਸਭ ਨੂੰ ਇਹ ਪਤਾ ਲੱਗ ਰਹੇ ਕਿ ਪ੍ਰਭਾਵਿਤ ਲੋਕਾਂ ਨੂੰ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਬੀਮਾ ਕੰਪਨੀਆ ਨੂੰ ਵੀ ਕੰਨ ਰਹਿਣ ਕਿ ਕਿਸੇ ਨਾਲ ਧੱਕਾ ਕਰਨਾ ਕਿੰਨਾ ਕੁ ਸਹੀ ਹੈ। ਇਹ ਸਾਰੀ ਬੈਲਟ ਵਿੱਚ ਮਾਨੋ ਕੋਈ ਚੁੰਬਕ ਹੀ ਹੈ,ਖਬਰਾਂ ਅਨੁਸਾਰ ਇਹ ਗੜੇਮਾਰੀ ਦੀ ਭਵਿੱਖ ਬਾਣੀ ਸਮੇ ਰਹਿੰਦੇ ਨਹੀ ਕੀਤੀ ਜਾ ਸਕੀ ਅਤੇ ਕਲਾਉਡ ਸੀਡਿੰਗ ਲਈ ਸਮਾ ਹੀ ਨਹੀਂ ਬਚਿਆ ਜਿਸ ਕਾਰਨ ਭਾਰੀ ਨੁਕਸਾਨ ਹੋਇਆ ਹੈ। ਕਲਾਉਡ ਸੀਡਿੰਗ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨਾਲ ਸਿਲਵਰ ਆਇਓਡਾਈਡ ਨਾਮ ਦੇ ਕੈਮੀਕਲ ਦੀ ਸਪਰੇਅ ਕਰਨ ਨਾਲ ਗੜਿਆਂ ਦਾ ਆਕਾਰ ਘਟਾਉਣ ਵਿੱਚ ਮੱਦਦ ਹੁੰਦੀ ਹੈ। ਇਸੇ ਤਰਾਂ ਦਾ ਵਰਤਾਰਾ 2020 ਵਿੱਚ ਅਤੇ 2016 ਵਿੱਚ ਵੀ ਹੋਇਆ ਦੱਸੀਦਾ ਹੈ। ਇੰਝ ਲੱਗਦਾ ਜਿਵੇ ਚੋਣਾਂ ਵਾਗ ਹਰ ਚਾਰ ਸਾਲ ਬਾਅਦ ਲੋਕਾਂ ਦਾ ਇਮਤਿਹਾਨ ਲੈਣ ਰੱਬ ਪਹੁੰਚਦਾ ਹੈ। ਹੁਣ ਇਹਨਾਂ ਪ੍ਰਭਾਵਤ ਹਲਕਿਆਂ ਵਿੱਚ ਬੀਮਾ ਕੰਪਨੀਆ ਵੱਲੋ ਕੀਮਤਾ ਵਧਾਉਣਾ ਕੋਈ ਲੁਕੀ ਛਿਪੀ ਗੱਲ ਨਹੀਂ। ਇਹ ਵਾਧਾ ਕਿੰਨਾ ਕੁ ਕਰਦੀਆ ਹਨ , ਸਰਕਾਰਾਂ ਨੂੰ ਲੋਕਾ ਦੀ ਸਾਰ ਲੈਣੀ ਚਾਹੀਦੀ ਹੈ ਅਤੇ ਬੀਮਾ ਕੰਪਨੀਆ ਤੇ ਨਿਯੰਤਰਨ ਲਗਾਤਾਰ ਰੱਖਣਾ ਚਾਹੀਦਾ ਹੈ ਤਾਂ ਕਿ ਪ੍ਰਭਾਵਤ ਲੋਕਾਂ ਦੀ ਛਿੱਲ ਨਾ ਲਾਹੀ ਜਾਵੇ। ਇੱਕ ਤਾਂ ਕੁਦਰਤੀ ਮਾਰ ਅਤੇ ਦੂਜੀ ਵਿੱਤੀ ਮਾਰ। ਪਹਿਲਾਂ ਹੀ ਮਹਿੰਗਾਈ ਨੇ ਲੱਕ ਤੋੜ ਛਡਿਆ ਹੈ। ਸਾਡੇ ਸੂਬੇ ਵਿੱਚ ਇੰਸੋਰੈਂਸ ਪ੍ਰਾਈਵੇਟ ਹੋਣ ਕਾਰਨ ਇਹ ਕਦੇ ਨਹੀ ਹੋਇਆ ਕਿ ਜਦ ਕਦੀ ਕੰਪਨੀਆ ਮੁਨਾਫੇ ਵਿੱਚ ਹੋਣ ਤਾਂ ਆਪਣਾ ਮੁਨਾਫਾ ਵੀ ਆਪਣੇ ਖਪਤਕਾਰਾਂ ਵਿੱਚ ਸਹਿੰਦਾ ਸਹਿੰਦਾ ਵੰਡਿਆ ਜਾਵੇ ਜਿਵੇ ਕਿ ਦੂਜੇ ਸੂਬਿਆਂ ਵਿੱਚ ਹੁੰਦਾ ਹੈ ਜਿਥੇ ਇੰਸ਼ੋਰੈਂਸ ਪਬਲਿਕ ਹੈ। ਪਰ ਹਾਂ ਸੂਬਾ ਸਰਕਾਰ, ਸਥਾਨਕ ਸਰਕਾਰ ਜਾਂ ਫਿਰ ਕੇਂਦਰ ਦੀ ਸਰਕਾਰ ਨੂੰ ਇਸ ਗੜੇਮਾਰੀ ਦੀ ਮਾਰ ਝੱਲ ਰਹੇ ਲੋਕਾਂ ਲਈ ਕੁੱਝ ਨਾ ਕੁੱਝ ਜਰੂਰ ਕਰਨਾ ਚਾਹੀਦਾ ਹੈ। ਆਮ ਲੋਕਾ ਦੀ ਤਰਾਂ ਕੈਲਗਰੀ ਬੇਸਡ ਏਅਰਲਾਈਨ ਵੈਸਟ ਜੈੱਟ ਨੂੰ ਵੀ ਇਸ ਗੜੇਮਾਰੀ ਦੀ ਮਾਰ ਝੱਲਣੀ ਪਈ ਹੈ ,ਖਬਰਾਂ ਅਨੁਸਾਰ ਲਗਭਗ 10 % ਉਡਾਨਾ ਰੱਦ ਕਰਨੀਆ ਪਈਆ ,ਅਤੇ ਇਸ ਗੜੇਮਾਰੀ ਕਾਰਨ ਉਹਨਾਂ ਦੀ ਫਲੀਟ ਨੂੰ ਰਿਪੇਅਰ ਅਤੇ ਸੇਫਟੀ ਚੈੱਕ ਤੋਂ ਬਾਅਦ ਹੀ ਬਹਾਲ ਕੀਤਾ ਜਾਵੇਗਾ। ਵੈਸਟ ਜੈੱਟ ਅਨੁਸਾਰ ਤਿੰਨ ਦਿਨਾਂ ਵਿੱਚ ਕੁੱਲ 248 ਫਲਾਈਟਾਂ ਰੱਦ ਕੀਤੀਆਂ ਗਈਆਂ। ਇਸ ਨਾਲ ਯਾਤਰੀ ਵੀ ਪ੍ਰਭਾਵਤ ਹੋਏ ਹੀ ਹਨ ਅਤੇ ਮਾਹਿਰਾਂ ਅਨੁਸਾਰ ਕਿਰਾਏ ਭਾੜੇ ਵਿੱਚ ਵੀ ਵਾਧਾ ਹੋ ਸਕਦਾ ਹੈ। ਇੱਕ ਤਾਂ ਲੋਕ ਕੁਦਰਤੀ ਮਾਰ ਝੱਲ ਰਹੇ ਹਨ ਉਧਰ ਦੀ ਸਕੈਮਰਾਂ ਨੂੰ ਵੀ ਮੁਸ਼ਕ ਆ ਗਿਆ ਹੈ। ਲੋਕਾਂ ਨੂੰ ਸਕੇਮ ਕਾਲ ਵੀ ਆਉਣ ਲੱਗੀਆ ਹਨ ਅਤੇ ਸਾਡੇ ਅਦਾਰੇ ਵੱਲ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ ਕਰਦੇ ਹਾਂ ਕਿਸੇ ਤਰਾਂ ਦੀ ਨਿੱਜੀ ਜਾਂ ਬੈਂਕ ਦੀ ਜਾਣਕਾਰੀ ਬਿਨਾ ਕਿਸੇ ਜਾਂਚ ਪੜਤਾਲ ਤੋਂ ਬਿਨਾ ਸਾਂਝੀ ਨਾ ਕੀਤੀ ਜਾਵੇ ਤਾਂ ਕਿ ਹੋਰ ਨੁਕਸਾਨ ਹੋਣ ਤੋ ਬਚਿਆ ਜਾ ਸਕੇ। ਮੈਨੂੰ ਨਿੱਜੀ ਤੌਰ ਤੇ ਦੋ ਤੋ ਤਿੰਨ ਕਾਲ ਆ ਚੁੱਕੇ ਹਨ ਅਤੇ ਨਿੱਜੀ ਜਾਣਕਾਰੀ ਨਾ ਦੇਣ ਤੇ ਕਾਲਰ ਵੱਲੋ ਕਾਲ ਬੰਦ ਕਰ ਦਿੱਤੀ ਗਈ, ਸੋ ਲੋੜ ਹੈ ਸਾਵਧਾਨੀ ਵਰਤਣ ਦੀ। ਦੇਸ਼ ਦੇ ਇੰਮਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਹੁਰਾਂ ਨੇ ਲੰਘੇ ਦਿਨੀ ਔਟਾਵਾ ਵਿੱਚ ਸਵਾਲਾਂ ਦੇ ਜਵਾਬ ਦਿੰਦਿਆ ਸੰਬੋਧਨ ਕੀਤਾ ਅਤੇ ਕਿਹਾ ਕਿ ਕਨੇਡਾ ਵਿੱਚ ਦਸਤਾਵੇਜਾਂ ਤੋਂ ਬਿਨਾ ਕੰਮ ਕਰਨ ਵਾਲੇ ਕਾਮਿਆ ਨੂੰ ਪੱਕੇ ਕਰਨ ਦੀ ਕੋਈ ਯੋਜਨਾ ਨਹੀ ਹੈ। ਉਹਨਾਂ ਕਿਹਾ ਕਿ ਸਬੰਧਤ ਲੋਕ ਜਿਹਨਾਂ ਕੋਲ ਦਸਤਾਵੇਜ ਨਹੀ ਹਨ ਅਤੇ ਕਨੇਡਾ ਦੀ ਆਰਥਿਕਤਾ ਵਿੱਚ ਯੋਗਦਾਨ ਪਾ ਰਹੇ ਹਨ ਉਹਨਾਂ ਲਈ ਇਹ ਨਿਰਾਸ਼ਾ ਜਨਕ ਹੈ ,ਉਹਨਾਂ ਕਿਹਾ ਕਿ ਉਹ ਸਿਹਤ ਅਤੇ ਉਸਾਰੀ ਖੇਤਰ ਵਿੱਚ ਕੰਮ ਕਰ ਰਹੇ ਗੈਰ ਦਸਤਾਵੇਜੀ ਕਾਮਿਆ ਨੂੰ ਦਰਜਾ ਪ੍ਰਦਾਨ ਕਰਨ ਲਈ ਉਹ ਅਤੇ ਓਹਨਾਂ ਦਾ ਵਿਭਾਗ ਬਹੁਤ ਮਿਹਨਤ ਕਰ ਰਹੇ ਹਨ। ਮਿਲਰ ਅਨੁਸਾਰ ਕਨੇਡਾ ਵਿੱਚ ਗੈਰ ਦਸਤਾਵੇਜੀ ਕਾਮਿਆਂ ਦੀ ਗਿਣਤੀ ਤਿੰਨ ਤੋ ਛੇ ਲੱਖ ਦੇ ਕਰੀਬ ਹੈ , ਉਧਰ ਸਾਡੇ ਗੁਆਂਡੀ ਮੁਲਕ ਵਿੱਚ ਚੋਣਾ ਦੇ ਮੁੱਦਿਆਂ ਵਿੱਚ ਟਰੰਪ ਹੁਰਾਂ ਨੇ ਕਿਹਾ ਹੈ ਕਿ ਅਸੀਂ ਗੈਰ ਦਸਤਾਵੇਜੀ ਲੋਕਾਂ ਨੂੰ ਕੱਢ ਦੇਣਾ ਹੈ ਅਤੇ ਸਾਡੇ ਦੇਸ਼ ਕਨੇਡਾ ਵਿੱਚ ਸਾਡੀ ਲੀਡਰਸ਼ਿਪ ਕਹਿੰਦੀ ਹੈ ਜੀ ਆਇਆ ਨੂੰ ਹੁਣ ਦੇਖੋ ਊਠ ਕਿਸ ਕਰਵਟ ਬੈਠਦਾ ਹੈ। ਪਹਿਲਾਂ ਹੀ ਮੁਸ਼ਕਿਲਾਂ ਨਾਲ ਜੂਝਦਾ ਕਨੇਡਾ ਹੋਰ ਕੱਚੇ ਲੋਕਾਂ ਨੂੰ ਸ਼ਰਣ ਦੇਣ ਲਈ ਸਮਰੱਥ ਹੈ! ਜਿਥੇ ਪਹਿਲਾਂ ਹੀ ਮਹਿੰਗਾਈ ਅਤੇ ਘਰਾਂ ਦੀ ਕਿੱਲਤ ਚੱਲ ਰਹੀ ਅਤੇ ਮੇਡੀਕਲ ਸਿਸਟਮ ਪਹਿਲਾਂ ਹੀ ਕਲੈਪਸ ਹੋਣ ਦੇ ਕੰਢੇ ਤੇ ਹੈ। ਰੱਬ ਰਾਖਾ

# ਵਿਲੀਅਮ ਲਾਇਨ ਮੇਕੈਂਜ਼ੀ ਕਿੰਗ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**17 ਦਸੰਬਰ 1874 ਨੂੰ ਕਿਚਨਰ, ਓਂਟੈਰੀਓ ਵਿੱਚ ਪੈਦਾ ਹੋਏ ਵਿਲੀਅਮ ਲਾਇਨ ਮੇਕੈਂਜ਼ੀ ਕਿੰਗ ਦੇ ਨਾਨਾ ਜੀ ਟੋਰੰਟੋ ਦੇ ਪਹਿਲੇ ਮੇਅਰ ਸਨ ਤੇ ਮੇਕੈਂਜ਼ੀ ਕਿੰਗ ਨੂੰ ਸਿਆਸਤ ਵਿਰਾਸਤ ਵਿੱਚ ਮਿਲੀ ਸੀ। ਉਸ ਦੇ ਪਿਤਾ ਜੀ ਲੌਅ ਸਕੂਲ ਵਿੱਚ ਪੜ੍ਹਾਉਂਦੇ ਸਨ। ਬਹੁਤ ਪੜ੍ਹੀ ਲਿਖੀ ਫੈਮਿਲੀ ਸੀ ਤੇ ਸਿਆਸਤ ਵਿੱਚ ਮੁੱਢ ਤੋਂ ਹੀ ਉਹਨਾਂ ਦਾ ਦਬਦਬਾ ਸੀ। ਮੇਕੈਂਜ਼ੀ ਕਿੰਗ ਨੇ 1895 ਵਿੱਚ ਬੀ.ਏ., 1896 ਵਿੱਚ ਐਲਐਲਬੀ, 1897 ਵਿੱਚ ਐਮਏ ਦੀ ਡਿਗਰੀ ਹਾਸਲ ਕੀਤੀ। ਉਹਨਾਂ ਨੇ ਸਰਕਾਰੀ ਅਖਬਾਰ ਲੇਬਰ ਗਜ਼ਟ ਦੇ ਸੰਪਾਦਕ ਵੱਜੋਂ ਕੰਮ ਕੀਤਾ ਤੇ ਬਾਦ ਵਿੱਚ ਉਹ ਲੇਬਰ ਡਿਪਾਰਟਮੈਂਟ ਦੇ ਡਿਪਟੀ ਮਨਿਸਟਰ ਬਣੇ। 1908 ਵਿੱਚ ਉਹ ਪਹਿਲੀ ਵਾਰ ਐਮਪੀ ਬਣੇ ਤੇ ਉਹਨਾਂ ਨੂੰ ਲੇਬਰ ਮਨਿਸਟਰ ਬਣਾਇਆ ਗਿਆ। 1911 ਤੋਂ 1919 ਤੱਕ ਉਹ ਸਿਆਸਤ ਤੋਂ ਬਾਹਰ ਰਹੇ। 1919 ਵਿੱਚ ਉਹ ਲਿਬਰਲ ਪਾਰਟੀ ਦੇ ਲੀਡਰ ਬਣੇ। ਉਹਨਾਂ ਨੇ ਦਸੰਬਰ 1921 ਤੋਂ ਜੂਨ 1926, ਸਤੰਬਰ 1926 ਤੋਂ ਅਗਸਤ 1930 ਅਤੇ ਅਕਤੂਬਰ 1935 ਤੋਂ ਨਵੰਬਰ 1948 ਤੱਕ ਸਾਢੇ 21 ਸਾਲ ਤੱਕ ਕੈਨੇਡਾ ਦੇ ਪ੍ਰਾਇਮ ਮਨਿਸਟਰ ਵੱਜੋਂ ਸੇਵਾਵਾਂ ਦਿੱਤੀਆਂ। ਇਸ ਦੌਰਾਨ ਉਹਨਾਂ ਨੇ ਦੂਜੀ ਸੰਸਾਰ ਜੰਗ ਦੌਰਾਨ ਦੇਸ਼ ਦੀ ਅਗਵਾਈ ਵੀ ਕੀਤੀ। ਉਹਨਾਂ ਦੇ ਕਾਰਜਕਾਲ ਦੌਰਾਨ ਕਈ ਘਪਲੇ-ਘੁਟਾਲੇ ਹੋਏ ਜਿਸ ਕਰਕੇ ਉਹਨਾਂ ਨੂੰ ਕਈ ਵਾਰ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। ਅਖੀਰ ਉਹਨਾਂ ਨੇ 1948 ਵਿੱਚ ਸਿਆਸਤ ਤੋਂ ਕਿਨਾਰਾ ਕਰ ਲਿਆ। 1950 ਵਿੱਚ ਨਿਮੋਨੀਆ ਹੋ ਜਾਣ ਕਾਰਨ ਉਹਨਾਂ ਦਾ ਦੇਹਾਂਤ ਹੋ ਗਿਆ। ਹੁਣ ਉਹਨਾਂ ਦੀ ਚਿੱਠੀ ਆਈ ਐ!**

ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸੰਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜ੍ਹਤਾ ਨਹੀਂ ਕਰਦਾ ਹੈ।
- ਸੰਪਾਦਕ

## ਚਿੱਠੀ ਆਈ ਹੈ ...ਅੱਗੇ ਮਿਲੇ



## ਰਿਸ਼ੀ ਨਾਗਰ

587 899 1060




**ਮਾਇ ਡੀਅਰ ਪੁੱਤਰ ਰਿਸ਼ੀ,**
ਮੇਰਾ ਮਨ ਕੀਤੈ ਕਿ ਤੈਨੂੰ ਆਪਣੇ ਮਨ ਦੀ ਭੜਾਸ ਕੱਢਣ ਲਈ ਵਰਤਾਂ ਕਿਉਂਕਿ ਮੀਡੀਆ ਦੀ ਵਰਤੋਂ ਹੁਣ ਸਿਰਫ਼ ਇਸੇ ਕੰਮ ਲਈ ਹੋ ਰਹੀ ਹੈ। ਤੂੰ ਵੀ ਤਾਂ ਮੀਡੀਆ ਦਾ ਹੀ ਹਿੱਸਾ ਹੈਂ ਤਾਂ ਸੋਚਿਆ ਕਿ ਤੈਨੂੰ ਹੀ ਕਿਉਂ ਨਾ ਵਰਤ ਲਵਾਂ। ਵੈਸੇ ਵੀ ਸਿਆਸੀ ਲੋਕ ਹੁਣ ਤੁਹਾਡੇ ਵਰਗਿਆਂ ਨੂੰ ਵਰਤਦੇ ਹੀ ਹਨ। ਤੁਹਾਡੇ ਵਰਗਿਆਂ ਨੂੰ ਇਸ ਵਿੱਚ ਖੁਸ਼ੀ ਵੀ ਮਿਲਦੀ ਹੈ, ਮੈਂ ਇਹ ਗੱਲ ਨੋਟ ਕੀਤੀ ਐ! ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਡੀਅਰ ਪੁੱਤਰ, ਸਾਲ 1926 ਵਿੱਚ ਕੈਨੇਡਾ ਵਿੱਚ ਇੱਕ ਸੰਵਿਧਾਨਕ ਸੰਕਟ ਪੈਦਾ ਹੋਇਆ ਸੀ। ਮੈਂ ਉਸ ਵੇਲੇ ਪ੍ਰਾਇਮ ਮਨਿਸਟਰ ਹੁੰਦਾ ਸੀ ਤੇ ਗਵਰਨਰ ਜਨਰਲ ਹੁੰਦਾ ਸੀ ਲੌਰਡ ਬਿੰਗ। ਮੈਂ ਉਹਨੂੰ ਲਿਖ ਕੇ ਭੇਜਿਆ ਕਿ ਪਾਰਲੀਮੈਂਟ ਭੰਗ ਕਰ ਦੇ ਤੇ ਨਵੀਆਂ ਚੋਣਾਂ ਦਾ ਐਲਾਨ ਕਰ। ਆਕੜ ਗਿਆ ਗਵਰਨਰ ਜਨਰਲ ਲੌਰਡ ਬਿੰਗ। ਮੈਂ ਸੀ ਪ੍ਰਾਇਮ ਮਨਿਸਟਰ ਮੇਕੈਂਜ਼ੀ ਕਿੰਗ। ਕਿੰਗ ਤੇ ਬਿੰਗ; ਦੋਵਾਂ ਦੇ ਫਸ ਗਏ ਸਿੰਗ। ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਰਿਸ਼ੀ ਪੁੱਤਰ, ਜਦੋਂ ਬਿੰਗ ਹੋ ਗਿਆ ਵਿੰਗਾ ਤੇ ਆਪਾਂ ਵੀ ਕੀਤੀ ਕਿੰਗ ਵਾਲੀ ਤੇ ਅਸਤੀਫਾ ਦੇ ਮਾਰਿਆ। ਬਿੰਗ ਨੇ ਅੱਗੋਂ ਤੜੀ ਦਿਖਾਈ ਤੇ ਕੰਜ਼ਰਵੇਟਿਵ ਪਾਰਟੀ ਨੂੰ ਸੱਦ ਲਿਆ ਸਰਕਾਰ ਬਣਾਉਣ ਲਈ। ਸੱਤਾਂ ਦਿਨਾਂ ਬਾਦ ਨਵੇਂ ਪ੍ਰਾਇਮ ਮਨਿਸਟਰ ਨੇ ਸੰਸਦ ਵਿੱਚ ਬਹੁਮਤ ਸਾਬਤ ਕਰਨਾ ਸੀ ਪਰ ਉਹ ਹੋਇਆ ਈ ਨਾ ਤੇ ਨਵੀਂ ਸਰਕਾਰ ਹਫ਼ਤੇ ਬਾਦ ਈ ਟੁੱਟ ਗਈ। ਸੰਸਦ ਭੰਗ ਕਰਨੀ ਪੈ ਗਈ ਬਿੰਗ ਨੂੰ। ਫੇ ਹੋਈਆਂ ਚੋਣਾਂ ਤੇ ਮੈਂ ਮੁੜ ਕੇ ਪ੍ਰਧਾਨ ਮੰਤਰੀ ਬਣ ਗਿਆ। ਫੇ ਮੈਂ ਕੱਢੇ ਸਾਰੇ ਵਿੰਗ ਗਵਰਨਰ ਜਨਰਲ ਬਿੰਗ ਦੇ। ਬਾਜਰੇ ਦੇ ਸਿੱਟੇ ਵਾਂਗ ਸਿੱਧਾ ਕਰਤਾ ਬਿੰਗ ਨੂੰ। ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਮੇਰੇ ਵੇਲੇ ਕਰਪਸ਼ਨ ਬਹੁਤ ਹੋਣ ਲੱਗ ਪਈ ਸੀ ਪਰ ਮੈਨੂੰ ਕੀ ਪਤਾ ਸੀ ਇਹਦਾ? ਪਈ ਹੇਠਲੇ ਲੈਵਲ 'ਤੇ ਹੁੰਦੀ ਕਰਪਸ਼ਨ ਦਾ ਪ੍ਰਾਇਮ ਮਨਿਸਟਰ ਨੂੰ ਕਿੱਦਾਂ ਪਤਾ ਲੱਗੂ ਭਲਾ? ਕੰਜ਼ਰਵੇਟਿਵਾਂ ਨੇ ਸੰਸਦ ਵਿੱਚ ਇੱਕ ਬਿਲ ਲੈ ਆਂਦਾ...ਕਸਟਮ ਡਿਪਾਟਮੈਂਟ 'ਚ ਉਸ ਵੇਲੇ ਹੋ ਰਹੀ ਕਰਪਸ਼ਨ ਦੀ ਜਾਂਚ ਲਈ ਰੌਇਲ ਕਮਿਸ਼ਨ ਦੀ ਮੰਗ ਰੱਖਤੀ। ਕੋਈ ਗੱਲ ਹੋਈ ਭਲਾ? ਮੈਂ ਕਿਹਾ ਸਪੀਕਰ ਨੂੰ ਰੱਦ ਕਰਦੇ ਮੋਸ਼ਨ; ਉਹਨੇ ਝੱਟ ਦੇਣੀ ਕਰਤਾ, ਸੰਸਦ ਵਿੱਚ ਬਹੁਗਿਣਤੀ ਕੰਜ਼ਰਵੇਟਿਵਾਂ ਦੀ ਸੀ ਤੇ ਸਪੀਕਰ ਦਾ ਫੈਸਲਾ ਪਲਟਿਆ ਗਿਆ। ਮੇਰੀ ਸਰਕਾਰ ਦਾ ਮੋਸ਼ਨ ਫੇਲ ਗਿਆ। ਆਪਾਂ ਸਰਕਾਰ ਈ ਭੰਗ ਕਰਤੀ ਤੇ ਨਵੀਂਆਂ ਚੋਣਾਂ ਕਰਵਾ ਲਉ। ਕਰਪਸ਼ਨ ਦਾ ਮਾਮਲਾ ਦੱਬ ਗਿਆ ਚੋਣਾਂ ਦੇ ਹੇਠਾਂ...ਹੇਹੇਹੇਹੇ! ਇਟ'ਸ ਓਕੇ, ਬਾਇ ਦ ਵੇਅ!

ਹੁਣ ਵੀ ਅਸੀਂ ਸਾਰੇ ਸਾਬਕਾ ਪ੍ਰਧਾਨ ਮੰਤਰੀ ਇੱਧਰ ਇੱਕਠੇ ਹੁੰਦੇ ਰਹਿੰਦੇ ਆਂ ਤੇ ਤੁਹਾਡੀ ਧਰਤੀ 'ਤੇ ਚੱਲ ਰਹੇ ਨਾਟਕਾਂ ਨੂੰ ਦੇਖ ਦੇਖ ਕੇ ਹੱਸਦੇ ਰਹਿੰਦੇ ਆਂ। ਸਾਡੇ ਵੇਲੇ ਤਾਂ ਨਾ ਸੋਸ਼ਲ ਮੀਡੀਆ ਹੁੰਦਾ ਸੀ, ਨਾ ਇਲੈਕਟ੍ਰੌਨਿਕ ਮੀਡੀਆ। ਜਿਹੜੀ ਭੂਰ-ਚੂਰ ਮੀਡੀਆ ਹੁੰਦੀ ਸੀ, ਉਹਨਾਂ ਦੇ ਨਾਲ ਇੱਕ ਅੱਧੀ ਵਾਰ ਬੈਠ-ਬੂਠ ਕੇ ਰੋਟੀ ਖਾ ਲੈਣੀ ਤੇ ਕੋਈ ਇੱਕ ਅੱਧੀ ਡਾਇਰੀ-ਡੂਅਰੀ ਦੇ ਦੇਣੀ ਤੇ ਕਦੀ ਕਦਾਈਂ ਜਹਾਜ਼ ਦਾ ਝੂਟਾ ਦੇ ਦੇਣਾ। ਉਹ ਏਨੇ 'ਚ ਈ ਖੁਸ਼ ਹੋ ਜਾਂਦੇ ਸੀ। ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਹੁਣ ਜਦੋਂ ਦੇਖੀਦਾ ਹੇਠਾਂ ਤਾਂ ਮੀਡੀਆ ਦਾ ਘੜਮੱਸ ਲੱਗਿਆ ਹੁੰਦਾ। ਕਿਹਨੂੰ ਕਿਹਨੂੰ ਖੁਸ਼ ਕਰੀਏ? ਜਿਹੜਾ ਰਹਿ ਜਾਂਦੈ, ਉਹੀ ਦਾਤ ਕੱਢੀ ਫਿਰਦਾ ਪੌਲਿਟਿਸ਼ਨਾਂ ਦੇ ਖਿਲਾਫ਼! ਤੁਹਾਡੇ ਹੁਣ ਵਾਲੇ ਪਰਾਇਮ ਮਨਿਸਟਰ ਦੇ ਭਾਪੇ ਨੂੰ ਵੀ ਮੈਂ ਗਾਇਡ ਕਰਦਾ ਰਿਹਾਂ ਤੇ ਇਹਨੂੰ ਵੀ ਗਾਇਡ ਕਰੀਦੈ! ਕਰਦੇ ਵੀ ਰਹਿਣੈ! ਦੇਖੋ, ਪੁੱਤਰ! ਮੈਂ ਇਹਨੂੰ ਕਿਹਾ ਕਿ ਟੈਕਸ ਵਧਾ ਤਾਂ ਕਿ ਸੰਸਦ ਮੈਂਬਰਾਂ ਦੀਆਂ ਤਾਂ ਮੌਜਾਂ ਤਾਂ ਲੱਗੀਆਂ ਰਹਿਣ। ਲੋਕਾਂ ਨੇ ਤਾਂ ਬੋਲਣਾ ਈ ਨੀ ਹੁੰਦਾ। ਉਹਨਾਂ ਦਾ ਕੰਮ ਤਾਂ ਸੰਸਦ ਮੈਂਬਰਾਂ ਨਾਲ ਫੋਟੋ ਖਿਚਵਾਉਣਾ ਹੁੰਦੈ ਤੇ ਕਦੀ ਕਦਾਈਂ ਕੋਈ ਚਾਹ ਦਾ ਕੱਪ ਪਿਲਾ ਦੇਣ ਜਾਂ ਰੋਟੀ ਖਿਲਾ ਦੇਣ ਤਾਂ ਕਿਆ ਈ ਬਾਤਾਂ ਨੇ! ਹੁਣ ਤੁਸੀਂ ਆਪਣੀਆਂ ਤਨਖਾਹਾਂ ਦਾ 43% ਟੈਕਸ ਦੇ ਰਹੇ ਓ! ਲੱਗਦਾ ਕਿਸੇ ਨੂੰ ਸੇਕ ਭੋਰਾ ਵੀ? ਲੱਗਣਾ ਈ ਨਹੀਂ! ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!!

ਫੇਰ ਅਸੀਂ ਸਲਾਹ ਦਿੱਤੀ ਕਿ ਸਰਵਿਸਿਜ਼ ਘਟਾਉ...ਏਨੀਆਂ ਸਰਵਿਸਿਜ਼ ਦੇ ਕੇ ਤੁਸੀਂ ਲੋਕਾਂ ਨੂੰ ਨਿਕੰਮਾ ਬਣਾ ਦਿਉਗੇ। ਕਰਨ ਦਿਉ ਇਹਨਾਂ ਨੂੰ ਕੰਮ...ਇਹਦੇ ਨਾਲ ਇਹਨਾਂ ਦੀ ਸਿਹਤ ਵੀ ਠੀਕ ਰਹੂ ਤੇ ਚਾਰ ਪੈਸੇ ਵੀ ਕਮਾਉਂਦੇ ਰਹਿਣਗੇ। ਰਿਸ਼ੀ ਪੁੱਤਰ ਮੈਨੂੰ ਦੱਸ ਖਾਂ ਜ਼ਰਾ ਕਿ ਅੱਜਕੱਲ 65 ਸਾਲ ਦੀ ਉਮਰ ਵਿੱਚ ਰਿਟਾਇਰ ਹੋ ਕੇ ਸਰਦਾ ਭਲਾ? ਲੋਕ ਘੱਟੋ ਘੱਟ 75 ਸਾਲ ਤੱਕ ਕੰਮ ਕਰਨ ਤਾਂ ਉਹਨਾਂ ਦੀ ਸਿਹਤ ਠੀਕ ਰਹੂ। ਨਹੀਂ ਤਾਂ ਉਹ ਮਾਨਸਿਕ ਰੋਗੀ ਹੋ ਜਾਣਗੇ। ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਪੁੱਤਰ ਜੀ, ਇਮਿਗ੍ਰੇਸ਼ਨ ਦਾ ਘੜਮੱਸ ਵੀ ਸਾਡਾ ਈ ਪਾਇਆ ਹੋਇਐ! ਤੁਸੀਂ ਘਸਿਆਰੇ ਜਾਂ ਘਾਹ ਖੋਤਣ ਵਾਲੇ ਬਣ ਕੇ ਵੀ ਸਾਡਾ ਗੁਣਗਾਣ ਕਰਨੋਂ ਨਹੀਂ ਹਟਦੇ ਤੁਸੀਂ। ਹਟ ਸਕਦੇ ਈ ਨਹੀਂ। ਮੈਨੂੰ ਦੱਸਿਆ ਕਿ ਤੇਰੀ ਮਾਤਾ ਦੀ ਪਿਛਲੇ ਸਾਲ ਇੰਡੀਆ ਵਿੱਚ ਮੌਤ ਹੋ ਗਈ ਸੀ। ਤੂੰ ਉਹਨੂੰ ਕੈਨੇਡਾ ਕਿਉਂ ਨਾ ਸੱਦਿਆ? ਤੁਹਾਨੂੰ ਸੁਪਰ ਵੀਜ਼ੇ ਦੀ ਸਹੂਲਤ ਦਿੱਤੀ ਤਾਂ ਹੋਈ ਐ...ਬੁਲਾ ਲੈਂਦਾ ਉਹਨੂੰ! ਮਾਇ ਥੌਟਸ ਐਂਡ ਹਾਰਟ ਆਰ ਵਿਦ ਯੂ, ਮਾਇ ਡੀਅਰ ਪੁੱਤਰ! ਸੌਰੀ ਫੌਰ ਯੁਅਰ ਲੌਸ! ਰੈਸਟ ਇਨ ਪੀਸ! ਬੱਸ ਮੇਰੀ ਏਨੀ ਗੱਲ ਨਾਲ ਤੈਨੂੰ ਇਹ ਤਾਂ ਤਸੱਲੀ ਰਹੂ ਕਿ ਤੇਰੇ ਪ੍ਰਧਾਨ ਮੰਤਰੀ ਨੇ ਕੰਡੋਲੈਂਸ ਮੈਸੇਜ ਭੇਜਿਐ ਤੇ ਤੂੰ ਪੰਜਾਹਾਂ ਨੂੰ ਦੱਸੇਗਾਂ ਹੁਣ। ਸਾਨੂੰ ਹੋਰ ਚਾਹੀਦਾ ਵੀ ਕੀ ਐ! ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਲੋਕਾਂ ਨੂੰ ਪਤਾ ਨਹੀਂ ਕੀ ਹੋ ਗਿਐ...ਕਹੀ ਜਾਂਦੇ ਨੇ ਕ੍ਰਾਇਮ ਵਧ ਗਿਐ। ਇਨਟੌਲਰੈਂਸ ਵਧ ਗਈ ਐ। ਸਰਕਾਰਾਂ ਨੇ ਸਿਕਿਉਰਿਟੀ ਵਧਾ ਤਾਂ ਦਿੱਤੀ ਐ। ਸਾਰੇ ਕੌਂਸਲਰਾਂ ਦੇ ਘਰਾਂ ਵਿੱਚ ਸੀਸੀਟੀਵੀ ਕੈਮਰੇ ਟੈਕਸਪੇਅਰਾਂ ਦੇ ਖ਼ਰਚੇ 'ਤੇ ਲਗਾਏ ਜਾ ਰਹੇ ਨੇ। ਸਾਰੇ ਐਮ.ਪੀਆਂ ਦੇ ਦਫ਼ਤਰਾਂ ਵਿੱਚ ਸਿਕਿਉਰਿਟੀ ਵਧਾ ਦਿੱਤੀ ਗਈ ਐ। ਜਿੱਥੇ ਜਿੱਥੇ ਵੀ ਪ੍ਰੀਮੀਅਰਾਂ, ਮਨਿਸਟਰਾਂ ਨੇ ਜਾਣਾ ਹੋਵੇ, ਸਿਕਿਉਰਿਟੀ ਦੇ ਪੂਰੇ ਪ੍ਰਬੰਧ ਟਾਇਟ ਕਰ ਦਿੱਤੇ ਗਏ ਨੇ। ਹੋਰ ਹੁਣ ਸਿਕਿਉਰਿਟੀ ਦਾ ਕੀ ਕਰ ਦੇਈਏ! ਨਾਲੇ ਇੰਨੀ ਵਧੀ ਹੋਈ ਸਿਕਿਉਰਿਟੀ ਦਾ ਖ਼ਰਚਾ ਤੁਸੀਂ ਕਿਵੇਂ ਦੇਵੋਗੇ, ਇਸ ਗੱਲ ਦਾ ਵੀ ਤਾਂ ਖਿਆਲ ਰੱਖਣਾ ਹੁੰਦੈ...ਸੋ ਜਿੰਨੀ ਸਿਕਿਉਰਿਟੀ ਦਿੱਤੀ ਜਾ ਰਹੀ ਹੈ, ਉਸ ਨਾਲ ਸਾਰੋ ਆਪਣਾ। ਕੁਝ ਖ਼ਰਚਾ ਆਪਣੇ ਪੱਲਿਉਂ ਵੀ ਆਪਣੇ ਲਈ ਕਰੋ। ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਸੋਸ਼ਲ ਬੈਨੇਫਿਟ ਘਟਾਉਣੇ ਚਾਹੀਦੇ ਐ। ਸਾਡੇ ਵੇਲੇ ਕੀ ਹੁੰਦਾ ਸੀ ਭਲਾ? ਕੱਖ ਵੀ ਨਾ! ਹੁਣ ਤੁਹਾਨੂੰ ਚਾਂਦੀ ਦੇ ਵਰਕ ਲੱਗ ਗਏ ਨੇ ਕਿ ਤੁਹਾਨੂੰ ਸੋਸ਼ਲ ਬੈਨੇਫਿਟ ਚਾਹੀਦੇ ਨੇ! ਪੈਸੇ ਕਮਾਉ 'ਤੇ ਖ਼ਰਚੋ...ਸਾਰੀ ਦੁਨੀਆ ਆਪਣੇ ਲਈ ਕਰਦੀ ਐ। ਸਾਡਾ ਪੌਲਿਟਿਸ਼ਨਾਂ ਦਾ ਕੰਮ ਤੁਹਾਡੀ ਸੇਵਾ ਕਰਨਾ ਹੁੰਦੈ। ਦੇਖੋ ਮੈਂ ਚੰਗਾ ਭਲਾ ਵਕੀਲ ਹੁੰਦਾ ਸੀ, ਪ੍ਰੋਫੈਸਰ ਹੁੰਦਾ ਸੀ! ਚੋਖੀ ਤਨਖਾਹ ਸੀ ਮੇਰੀ। ਪ੍ਰਧਾਨ ਮੰਤਰੀ ਬਣ ਕੇ ਵੀ ਮੇਰੀ ਤਨਖਾਹ ਘੱਟ ਸੀ ਤੇ ਕਈ ਜਣੇ ਮੈਥੋਂ ਵੱਧ ਤਨਖਾਹ ਲੈਂਦੇ ਸੀ। ਮੇਰੇ ਕਈ ਸਾਥੀ ਸ਼ਰੇਆਮ ਕਹਿੰਦੇ ਐ ਕਿ ਮੈਂ ਤਾਂ ਸੇਵਾ ਕਰਨ ਲਈ ਆਇਆਂ, ਨਹੀਂ ਤਾਂ ਮੇਰੀ ਕਿਹੜੀ ਤਨਖਾਹ ਘੱਟ ਸੀ...ਸਗੋਂ ਹੁਣ ਘਟੀ ਐ! ਦੇਖੋ, ਸਾਡੀ ਕੁਰਬਾਨੀ! ਅਸੀਂ ਤਾਂ ਆਪਣੀਆਂ ਵੱਧ ਤਨਖਾਹਾਂ ਛੱਡ ਛੱਡ ਕੇ ਪੌਲਿਟਿਕਸ ਵਿੱਚ ਆਏ! ਕਾਹਦੀ ਖਾਤਰ...ਸਿਰਫ਼ ਲੋਕਾਂ ਖਾਤਰ, ਤੁਹਾਡੀ ਖਾਤਰ, ਸੇਵਾ ਖਾਤਰ! ਸਾਡੇ ਕਿੰਨੇ ਈ ਸਾਥੀ ਆਪਣੀਆਂ ਚੰਗੀਆਂ ਭਲੀਆਂ ਨੌਕਰੀਆਂ ਛੱਡ ਕੇ ਤੁਹਾਡੀ ਸੇਵਾ ਕਰਨ ਆਏ ਹੋਏ ਆ ਪਰ ਤੁਹਾਨੂੰ ਸਾਡੀ ਭੋਰਾ ਵੀ ਕਦਰ ਨਹੀਂ! ਗਏ ਗੁਜ਼ਰੇ ਲੋਕ ਓ ਤੁਸੀਂ! ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਰਿਸ਼ੀ ਪੁੱਤਰ, ਪੌਲਿਟਿਕਸ ਵਿੱਚ ਆਉਣ ਮਗਰੋਂ ਸਾਨੂੰ ਕੰਮ ਬਹੁਤ ਕਰਨੇ ਪੈਂਦੇ ਐ। ਤੁਹਾਨੂੰ ਤੁਹਾਡੇ ਘਰ ਦੇ ਵੀ ਬੁਲਾਉਂਦੇ ਨਹੀਂ, ਅਸੀਂ ਤੁਹਾਡੇ ਅੱਗੇ ਹੱਥ ਜੋੜੀ ਖੜ੍ਹੇ ਰਹਿੰਨੇ ਆਂ! ਤੁਹਾਨੂੰ ਤੁਹਾਡੇ ਘਰੇ ਬਿਨਾ ਮੰਗਿਆਂ ਚਾਹ ਵੀ ਭਾਵੇਂ ਨਾ ਮਿਲਦੀ ਹੋਵੇ, ਅਸੀਂ ਤੁਹਾਡੇ ਬਿਨਾ ਮੰਗਿਆਂ ਸਾਰੀਆਂ ਸਹੂਲਤਾਂ ਦੇਈ ਤੁਰੇ ਜਾਨੇ ਆਂ! ਤੁਹਾਨੂੰ ਸਾਡੇ ਤੋਂ ਚਾਹੀਦਾ ਵੀ ਕੀ ਹੁੰਦਾ ਭਲਾ? ਇੱਕ ਇਮਿਗ੍ਰੇਸ਼ਨ ਦੀ ਚਿੱਠੀ, ਇੱਕ ਭੋਗ 'ਤੇ ਪਹੁੰਚਣ ਦਾ ਵਾਅਦਾ ਤੇ ਤੁਹਾਡਾ ਕੋਈ ਪ੍ਰੋਗਰਾਮ ਹੋਵੇ, ਸੌ, ਡੇਢ ਸੌ ਸਰਟੀਫਿਕੇਟ! ਤੁਹਾਨੂੰ ਪਤੈ ਕਿ ਇੱਕ ਸਰਟੀਫਿਕੇਟ ਦੀ ਕੀਮਤ ਦੋ ਢਾਈ ਡਾਲਰ ਪੈਂਦੀ ਐ ਤੇ ਤੁਸੀਂ ਸੌ-ਸੌ ਸਰਟੀਫਿਕੇਟ ਮੰਗਾ ਕੇ ਸਾਰਿਆਂ ਨੂੰ ਸਾਡੇ ਸਿਰ 'ਤੇ ਔਬਲਾਇਜ ਕਰ ਦਿੰਦੇ ਓ! ਟੈਕਸਪੇਅਰਜ਼ ਦਾ ਪੈਸਾ ਹੁੰਦਾ ਇਹ ਸਭ - ਪਰ ਜਦੋਂ ਤੁਹਾਨੂੰ ਮਿਲ ਜਾਵੇ ਤਾਂ ਠੀਕ, ਜੇ ਕੋਈ ਹੋਰ ਲੈ ਜਾਵੇ ਤਾਂ ਤੁਹਾਡੇ ਢਿੱਡ ਵਿੱਚ ਸੂਲਾਂ ਉੱਠਣ ਲੱਗ ਜਾਂਦੀਆਂ!

ਪੁੱਤਰਾ! ਐਸਐਨਸੀ ਲੈਵਾਲਿਨ ਘੁਟਾਲਾ ਹੋਇਆ ਤੁਹਾਡੇ ਮੌਜੂਦਾ ਪ੍ਰਧਾਨ ਮੰਤਰੀ ਦੇ ਨੱਕ ਹੇਠ! ਕਾਕੇ ਟਰੂਡੋ ਨੇ ਉਸ ਵੇਲੇ ਦੀ ਜਸਟਿਸ ਮਨਿਸਟਰ ਜੋਡੀ ਵਿਲਸਨ ਰੇਬਉ ਨੂੰ ਮੰਤਰੀਮੰਡਲ ਵਿਚੋਂ ਕੱਢ ਬਾਹਰ ਕੀਤਾ ਸੀ, ਕੀ ਕਰ ਲਿਆ ਤੁਸੀਂ? ਸਾਫ਼ ਸਾਫ਼ ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਦਾ ਮਾਮਲਾ ਸੀ ਪਰ ਤੁਸੀਂ ਕੀ ਕੀਤਾ ਭਲਾ? ਜਿਹੜਾ ਬੰਦਾ ਪਾਰਦਰਸ਼ਤਾ ਤੇ ਨੈਤਿਕਤਾ ਦੇ ਵਾਅਦੇ ਦੀ ਗੱਲ ਕਰਕੇ ਚੋਣ ਜਿੱਤ ਕੇ ਆਇਆ ਸੀ, ਉਹਨੇ ਇਹਨਾਂ ਦੋਹਾਂ ਦੀਆਂ ਧੱਜੀਆਂ ਉਡਾਈਆਂ, ਸਹੁੰ ਖਾ ਕੇ ਦੱਸੀਂ, ਤੁਸੀਂ ਇਹਨੂੰ ਐਂਜੌਇ ਨਹੀਂ ਕੀਤਾ ਭਲਾ? ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਬ੍ਰਾਇਨ ਮਲਰੋਨੀ ਨੇ ਏਅਰ ਬੱਸਾਂ ਦਾ ਘੁਟਾਲਾ ਕੀਤਾ ਸੀ, ਤੁਹਾਨੂੰ ਚੇਤਾ ਵੀ ਨਹੀਂ ਹੋਣਾ ਇਹਦਾ! ਤੁਸੀਂ ਤਾਂ ਉਦੋਂ ਭਾਰਤ ਜਾਂ ਪਾਕਿਸਤਾਨ ਵਿੱਚ ਬੈਠੇ ਕੈਨੇਡਾ ਆਉਣ ਦੇ ਸੁਫ਼ਨੇ ਦੇਖ ਰਹੇ ਹੋਣੇ ਐ! ਇਹ ਜਿਹੜਾ ਗੜਬੜ ਘੁਟਾਲਾ ਹੋਇਆ, ਉਹਦੇ ਨਾਲ ਕਿਹਨੂੰ ਕਿਹਨੂੰ ਮਿਲੀਅਨ ਡਾਲਰਾਂ ਦਾ ਲਾਭ ਹੋਇਆ, ਤੁਹਾਨੂੰ ਕੱਖ ਪਤਾ ਨਹੀਂ! ਤੁਸੀਂ ਤਾਂ ਉੱਤਰ ਕਾਟੋ ਮੈਂ ਚੜ੍ਹਾਂ ਦੀ ਸਿਆਸਤ ਨੂੰ ਇਉਂ ਚਿੰਬੜੇ ਪਏ ਹੋ ਜਿਵੇਂ ਚਾਮਚੜਿਕ ਟਾਹਣੀ ਨੂੰ ਚਿੰਬੜੀ ਹੁੰਦੀ ਹੈ! ਜਿਵੇਂ ਭਾਰਤੀ ਪੰਜਾਬ ਵਿੱਚ ਅਕਾਲੀ ਦਲ ਤੇ ਕਾਂਗਰਸੀ, ਕੇਂਦਰ ਵਿੱਚ ਕਾਂਗਰਸੀ ਤੇ ਭਾਜਪਾਈ, ਪਾਕਿਸਤਾਨ ਵਿੱਚ ਪੀਐਮਐਲ(ਐਨ) ਤੇ ਪੀਪੀਪੀ...ਵਾਰੋ ਵਾਰੀ ਆਉਂਦੇ ਨੇ, ਲੋਕਾਂ ਨੂੰ ਲੁੱਟ ਖਸੁੱਟ ਕੇ ਪੰਜ ਸਾਲ ਵਿਦੇਸ਼ਾਂ ਵਿੱਚ ਕੱਟ ਆਉਂਦੇ ਨੇ ਤੇ ਮੁੜ ਕੇ ਸਰਕਾਰ ਬਣਾ ਕੇ ਬੈਠ ਜਾਂਦੇ ਨੇ! ਸਾਡੇ ਕੈਨੇਡਾ ਵਿੱਚ ਲਿਬਰਲ ਤੇ ਕੰਜ਼ਰਵੇਟਿਵ ਵਾਰੋ ਵਾਰੀ ਆਉਂਦੇ ਐ, ਤੁਹਾਡੇ ਪਿਛਵਾੜੇ ਨੂੰ ਚਾਰ-ਚਾਰ ਸਾਲ ਲਾਲੋ-ਲਾਲ ਕਰਦੇ ਐ, ਤੁਸੀਂ ਹਰੇਕ 8-10 ਸਾਲ ਬਾਦ ਸਰਕਾਰ ਬਦਲ ਕੇ ਖੁਸ਼ ਹੋ ਜਾਂਦੇ ਓ ਤੇ ਮਗਰੋਂ ਅਗਲੇ ਅੱਠ ਦਸ ਸਾਲ ਵਾਸਤੇ ਮੁੜ ਕੇ ਤਸ਼ਰੀਫ ਨੂੰ ਲਾਲ ਕਰਵਾਉਣ ਲੱਗ ਪੈਂਦੇ ਓ! ਕੀ ਫ਼ਰਕ ਐ ਤੁਹਾਡੇ ਤੇ ਕਿਸੇ ਵੀ ਹੋਰ ਦੇਸ਼ ਦੀ ਕਿਸੇ ਵੀ ਸਰਕਾਰ ਦੇ ਵਿੱਚ! ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਜਿਹੜੀਆਂ ਗੱਲਾਂ ਕਰਕੇ ਤੁਸੀਂ ਸਟੀਵਨ ਹਾਰਪਰ ਨੂੰ ਹਰਾਇਆ ਸੀ, ਉਹੀ ਗੱਲਾਂ ਕਰਕੇ ਹੁਣ ਤੁਸੀਂ ਜਸਟਿਨ ਟਰੂਡੋ ਦੇ ਪਿਛੇ ਪਏ ਓ...ਫ਼ਰਕ ਕੀ ਪਿਆ ਭਲਾ? ਟਰੂਡੋ ਤਾਂ ਐਨਡੀਪੀ ਦੇ ਦਬਾਅ ਥੱਲੇ ਯੂਨਿਵਰਸਲ ਫਾਰਮਾਕੇਅਰ ਵੱਲ ਤੁਰ ਈ ਪਿਐ ਤੇ ਉਹਨੇ ਕੁਝ ਲੈ ਵੀ ਆਉਂਦੈ ਤੁਹਾਡੇ ਵਾਸਤੇ ਪਰ ਕੰਜ਼ਰਵੇਟਿਵ ਪਾਰਟੀ ਆਲਾ ਲੀਡਰ ਹੁਣੇ ਈ ਕਹੀ ਜਾਂਦੈ ਕਿ ਇਹ ਪ੍ਰੋਗਰੈਮ ਤਾਂ ਬਾਹਲਾ ਈ ਮਹਿੰਗੈ, ਇਹ ਨਹੀਂ ਚੱਲ ਸਕਣਾ...ਉਹ ਹੁਣੇ ਈ ਹਿੰਟ ਦੇਈ ਜਾਂਦੈ ਕਿ ਇਹਨੂੰ ਬੰਦ ਕਰਾਂਗੇ! ਚੂਪਿਓ ਫੇ ਪੋਨੇ, ਟਰੂਡੋ ਨੂੰ ਕੱਢ ਕੇ ਤੇ ਪਿਅਰ ਨੂੰ ਲਿਆ ਕੇ! ਹੁਣ ਤਾਂ ਉਹ ਕਹੀ ਜਾਂਦੈ ਕਿ ਟੈਕਸ ਹਟਾਵਾਂਗੇ, ਘਰ ਬਣਾਵਾਂਗੇ, ਅੰਮ੍ਰਿਤਸਰ ਨੂੰ ਫ਼ਲਾਇਟ ਲਗਾਵਾਂਗੇ, ਕ੍ਰਾਇਮ ਘਟਾਵਾਂਗੇ...ਜਦੋਂ ਸਰਕਾਰ ਬਣਗੀ ਤਾਂ ਕਹੂ...ਉਹ ਹੋ...ਭਈ ਜਵਾਨੋ! ਦਰਅਸਲ ਖਜ਼ਾਨੇ 'ਚ ਤਾਂ ਕੱਖ ਹੈ ਈ ਨਹੀਂ...ਥੋੜ੍ਹਾ ਠਹਿਰ ਜਾਉ...ਕਰਦੇ ਆਂ ਹੱਲ! ਚਾਰ ਸਾਲ ਨਿੱਕਲ ਜਾਣਗੇ, ਟਰੂਡੋ ਨੂੰ ਗਾਲ੍ਹਾਂ ਪੈਂਦੀਆਂ ਰਹਿਣਗੀਆਂ...ਊਠ ਦਾ ਬੁੱਲ੍ਹ ਲਟਕਦਾ ਰਹੂ ਤੇ ਤੁਸੀਂ ਥੱਲੇ ਪੈਰਾਂ ਭਾਰ ਬੈਠ ਕੇ ਉਸ ਦੇ ਡਿੱਗਣ ਦਾ ਇੰਤਜ਼ਾਰ ਕਰਦੇ ਰਹੀਓ! ਸੱਤਾਂ ਅੱਠਾਂ ਸਾਲਾਂ ਬਾਦ ਤੁਹਾਨੂੰ ਲੱਗੂ ਕਿ ਇਹ ਤਾਂ ਕਿਸੇ ਕੰਮ ਦੀ ਸਰਕਾਰ ਨਹੀਂ! ਬਦਲਣ ਲਈ ਫਿਰ ਜ਼ਿੰਦਾਬਾਦ-ਮੁਰਦਾਬਾਦ! ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਰਿਸੀ ਪੁੱਤਰ! ਮੈਂ ਤਾਂ ਸਿਰਫ਼ ਇਹੀ ਕਹਿਣਾ ਸੀ ਕਿ ਮੇਰਾ ਕਾਰਜਕਾਲ ਅੱਜ ਤੋਂ 100 ਸਾਲ ਪਹਿਲਾਂ ਸੀ ਤੇ ਹੇਰਾਫੇਰੀ, ਘੁਟਾਲੇ, ਭ੍ਰਿਸ਼ਟਾਚਾਰ, ਬੇਇਮਾਨੀ ਉਦੋਂ ਵੀ ਮੌਜੂਦ ਸੀ! ਅੱਜ ਵੀ ਇਹ ਸਭ ਉਵੇਂ ਈ ਮੌਜੂਦ ਐ! ਤੁਹਾਡੇ ਤੋਂ ਪਹਿਲਾਂ ਵੀ ਲੋਕ ਆਏ, ਰੌਲਾ ਰੱਪਾ, ਖੌਰੂ ਪਾ-ਪੂ ਕੇ ਚਲੇ ਗਏ! ਸਰਕਾਰਾਂ ਬਦਲਦੀਆਂ ਰਹੀਆਂ। ਲੋਕ ਆਉਂਦੇ ਰਹੇ ਜਾਂਦੇ ਰਹੇ! ਜਿਹੜੀ ਗੱਲ ਇੱਥੇ ਟਿਕੀ ਰਹੀ ਹੈ, ਉਹ ਹੈ ਘਪਲੇ-ਘੁਟਾਲੇ-ਹੇਰਾਫੇਰੀ-ਭ੍ਰਿਸ਼ਟਾਚਾਰ-ਬੇਇਮਾਨੀ! ਪਿੱਟੀ ਜਾਉ ਤੁਸੀਂ...ਜ਼ੋਰ ਦੀ ਪਿੱਟੋ, ਹੌਲੀ ਪਿੱਟੋ...ਬੱਸ ਪਿੱਟੀ ਤੁਰੇ ਜਾਉ...ਸਾਡੇ 'ਤੇ ਟਕੇ ਦਾ ਅਸਰ ਨਹੀਂ ਪੈਂਦਾ! ਨਾ ਉਸ ਵੇਲੇ ਮੇਰੇ 'ਤੇ ਪਿਆ ਤੇ ਨਾ ਹੁਣ ਵਾਲੇ 'ਤੇ ਪੈ ਰਿਹਾ! ਤੇ ਨਾ ਹੀ ਆਉਣ ਵਾਲੇ 'ਤੇ ਪੈਣਾ! ਇਸ ਦਾ ਅਸਰ ਹਮੇਸ਼ਾ ਲੋਕਾਂ 'ਤੇ ਹੀ ਪਿਐ ਤੇ ਹੁਣ ਵੀ ਉਹਨਾਂ 'ਤੇ ਹੀ ਪੈਣਾ! ਲੋਕਤੰਤਰ ਦੀ ਇਹ ਕੀਮਤ ਹੁੰਦੀ ਐ! ਜੇ ਇਹਨੂੰ ਰੱਖਣੈ ਤਾਂ ਕੀਮਤ ਤਾਂ ਦੇਣੀ ਹੀ ਪਊ! ਦੇਈ ਜਾਉ! ਹੇ..ਹੇ..ਹੇ..ਇਟ'ਸ ਓਕੇ, ਬਾਇ ਦ ਵੇਅ!

ਚੰਗਾ ਪੁੱਤਰਾ, ਤਕੜੇ ਹੋ ਕੇ ਰਹੋ! ਸਰਕਾਰਾਂ ਬਦਲੋ, ਤੁਹਾਡੀ ਜੇ ਕਿਸਮਤ ਬਦਲ ਜਾਵੇ ਤਾਂ ਕਹੀਓ!

**ਬਾਇ ਬਾਇ!**
**ਤੁਹਾਡਾ,**
**ਵਿਲੀਅਮ ਲਾਇਨ ਮੇਕੈਂਜ਼ੀ ਕਿੰਗ**

# ਸੜਕਾਂ 'ਤੇ ਰੁਲ਼ਦੀ ਲਾਵਾਰਸ-ਬੇਘਰ ਮਰੀਜ਼ ਦਰੋਪਤੀ ਨੂੰ ਸਰਾਭਾ ਆਸ਼ਰਮ ਨੇ ਸੰਭਾਲਿਆ

ਚਲਦੀ ਗੱਡੀ ਦੇ ਮਿੱਤ ਸਾਰੇ, ਖੜ੍ਹੀ ਨੂੰ ਨੀ ਕੋਈ ਪੁੱਛਦਾ। ਇਹ ਪੰਕਤੀ ਇਸ ਲਾਵਾਰਸ-ਬੇਘਰ ਮਰੀਜ਼ ਦਰੋਪਤੀ ਵਾਰੇ ਪੂਰੀ ਤਰ੍ਹਾਂ ਢੁੱਕਦੀ ਹੈ। ਕੁੱਝ ਹਫਤੇ ਪਹਿਲਾਂ ਜਿਲ੍ਹਾ ਲੁਧਿਆਣਾ ਦੇ ਕਸਬੇ ਮੁੱਲਾਂਪੁਰ ਦੇ ਨਜ਼ਦੀਕ ਪੈਂਦੇ ਪੰਡੋਰੀ ਪਿੰਡ ਦੇ ਹਸਪਤਾਲ ਕੋਲ ਸੜਕ 'ਤੇ ਬੈਠੀ ਇੱਕ ਦਰੋਪਤੀ ਨਾਮ ਦੀ ਔਰਤ ਨੂੰ ਕੋਈ ਵਿਅਕਤੀ ਚੁੱਕ ਕੇ ਸਿਵਲ ਹਸਪਤਾਲ ਲੁਧਿਆਣਾ ਵਿੱਚ ਦਾਖਲ ਤਾਂ ਕਰਵਾ ਗਿਆ ਪਰ ਮੁੜਕੇ ਨਹੀਂ ਆਇਆ। ਸਿਵਲ ਹਸਪਤਾਲ ਦੇ ਸਟਾਫ ਨੇ ਦਰੋਪਤੀ ਨੂੰ ਦਾਖਲ ਕਰਵਾਉਣ ਵਾਲੇ ਉਸ ਵਿਅਕਤੀ ਨੂੰ ਢੂੰਢਣ ਦੀ ਕੋਸ਼ਿਸ਼ ਕੀਤੀ ਪਰ ਉਸ ਵਾਰੇ ਕੁੱਝ ਵੀ ਪਤਾ ਨਹੀਂ ਲੱਗਿਆ। ਅਖੀਰ ਸਿਵਲ ਹਸਪਤਾਲ ਦੇ ਸਟਾਫ ਨੇ ਦਰੋਪਤੀ ਨੂੰ 26 ਜੁਲਾਈ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ 'ਚ ਭੇਜ ਦਿੱਤਾ ਹੈ। ਜਿੱਥੇ ਹੁਣ ਇਸ ਦੀ ਆਸ਼ਰਮ ਦਾ ਮੈਡੀਕਲ ਸਟਾਫ ਅਤੇ ਸੇਵਾਦਾਰ ਦੇਖਭਾਲ ਕਰ ਰਹੇ ਹਨ।




ਦਰੋਪਤੀ ਅਧਰੰਗ ਦੀ ਬਿਮਾਰੀ ਨਾਲ ਪੀੜਤ ਹੈ। ਆਪਣੇ-ਆਪ ਤੁਰ ਫਿਰ ਨਹੀਂ ਸਕਦੀ। ਅਧਰੰਗ ਦੇ ਅਸਰ ਕਰਕੇ ਬੋਲਦੀ ਵੀ ਤਤਲੀ ਹੈ ਜਿਸ ਕਰਕੇ ਦੂਜੇ ਵਿਅਕਤੀ ਨੂੰ ਇਸ ਦੀ ਗੱਲ-ਬਾਤ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ। ਇਸ ਦਾ ਪਤੀ ਸੁਰਗਵਾਸ ਹੋ ਚੁੱਕਾ ਹੈ। ਪਰ ਇਹ ਆਪਣੇ ਪਤੀ ਦਾ ਨਾਮ ਨਹੀਂ ਦੱਸ ਸਕਦੀ। ਹੋਰ ਪਰਿਵਾਰ ਜਾਂ ਰਿਸ਼ਤੇਦਾਰਾਂ ਵਾਰੇ ਵੀ ਦੱਸਣ ਤੋਂ ਅਸੱਮਰਥ ਹੈ। ਲੱਗਦਾ ਹੈ ਕਿ ਇਸ ਦਾ ਆਪਣਾ ਸਕਾ ਸਬੰਧੀ ਕੋਈ ਨਹੀਂ। ਉਮੀਦ ਹੈ ਕਿ ਦਰੋਪਤੀ ਆਸ਼ਰਮ ਵਿੱਚ ਚੰਗੀ ਦੇਖਭਾਲ ਸਦਕਾ ਆਪਣੀ ਕਿਰਿਆ ਆਪ ਸੋਧਣ ਜੋਗੀ ਹੋ ਜਾਵੇਗੀ ਅਤੇ ਆਪਣੀ ਜਿੰਦਗੀ ਚੰਗੀ ਤਰ੍ਹਾਂ ਬਤੀਤ ਕਰ ਸਕੇਗੀ।

ਇਹ ਆਸ਼ਰਮ ਪਿਛਲੇ 20 ਸਾਲਾਂ ਤੋਂ ਸੜਕਾਂ ਤੇ ਰੁਲ਼ਦੇ ਅਜਿਹੇ ਲਾਵਾਰਸ-ਬੇਘਰ ਮਰੀਜ਼ਾਂ ਦੀ ਦੇਖਭਾਲ ਕਰ ਰਿਹਾ ਹੈ ਜਿਹਨਾਂ ਲਈ ਸਮਾਜ ਦੇ ਦਰਵਾਜੇ ਬੰਦ ਹੋ ਚੁੱਕੇ ਹਨ। ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ (200) ਤੋਂ ਜਿਆਦਾ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿਹਨਾਂ 'ਚ ਬਹੁਤ ਸਾਰੇ ਮਰੀਜ਼ ਪੂਰੀ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਪਿਛਲੇ ਤਕਰੀਬਨ ਵੀਹ ਸਾਲਾਂ ਤੋਂ ਇਸ ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਬੁਹਤ ਹੀ ਸੁਚੱਜੇ ਢੰਗ ਨਾਲ ਚੱਲ ਰਹੀ ਹੈ। ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ (ਇੰਡੀਆ):95018-42505; ਕੈਨੇਡਾ: 403-401-8787।

# ਰੱਖੜੀ



ਅਮਰੀਕ ਸਿੰਘ ਤਲਵੰਡੀ
9463542896



ਬਾਕੀ ਤਿਉਹਾਰਾਂ ਨਾਲੋਂ ਡਿੱਠਾ,
ਬੜਾ ਪਵਿੱਤਰ ਇਹ ਤਿਉਹਾਰ।
ਰੱਖੜੀ ਦੇ ਇਸ ਗਾਨੇ ਵਿੱਚ,
ਭੈਣ ਭਰਾ ਦਾ ਗੁੰਦਿਆ ਪਿਆਰ।
ਭੈਣਾਂ ਦੀਆਂ ਸੱਧਰਾਂ ਵਾਲਾ,
ਏਹਦੇ ਵਿੱਚ ਹੈ ਛੁਪਿਆ ਖਜ਼ਾਨਾ।
ਵੀਰਾਂ ਦੇ ਗੁੱਟ 'ਤੇ ਬੰਨ੍ਹਣ ਲਈ,
ਬਹੁਤ ਕੀਮਤੀ ਇਹ ਹੈ ਗਾਨਾ।
ਭੈਣਾਂ ਵੱਲੋਂ ਵੀਰਾਂ ਦੇ ਲਈ,
ਏਹਦੇ ਵਿੱਚ ਹੀ ਹਨ ਸ਼ੁਭਇਛਾਵਾਂ।
ਖਿੜੇ ਰਹਿਣ ਬਾਗ ਵੀਰਾਂ ਦੇ,
ਉਹ ਵੀ ਇਹਦੇ ਵਿੱਚ ਨੇ ਦੁਆਵਾਂ।

ਏਹਦੇ ਰੰਗਾਂ ਵਾਂਗੂੰ ਹੀ ਰਹਿਣ,
ਵੀਰਾਂ ਦੀ ਜ਼ਿੰਦਗੀ ਦੇ ਵਿੱਚ ਰੰਗ।
ਭਤੀਜੇ ਭਤੀਜੀਆਂ ਕਰਨ ਤਰੱਕੀ,
ਦੇਖਣ ਵਾਲਾ ਰਹਿ ਜਾਵੇ ਦੰਗ।
ਭੈਣਾਂ ਲਈ ਵੀ ਵੀਰਾਂ ਦੇ ਨੇ ਹੁੰਦੇ,
ਬਹੁਤ ਹੀ ਉਚੇ-ਸੁੱਚੇ ਫਰਜ਼।
ਉਹ ਵੀ ਸਾਨੂੰ ਰੱਖੜੀ ਹੈ ਦੱਸਦੀ,
ਪੂਰੇ ਕਰਨੇ ਨੇ ਬਿਨਾਂ ਗਰਜ਼।
ਭੈਣ ਭਰਾ ਦਾ ਪਵਿੱਤਰ ਜੋ ਰਿਸ਼ਤਾ,
ਜਿਹੜੇ ਲੋਕੀਂ ਸਮਝ ਨੇ ਲੈਂਦੇ।
'ਅਮਰੀਕ ਤਲਵੰਡੀ' ਵਾਲੇ ਦੇ ਵਾਗੂੰ,
ਭੈਣ ਤੋਂ ਜਾਨ ਵਾਰਦੇ ਰਹਿੰਦੇ।




ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ

ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।

Specialist In:
All Type of Residential & Commercial Woodwork
Interior Finishing: Kitchen Cabinets:
Railing & Decorating

Manpreet Thind
Ph: (403) 455-1000
www.perfectfinishing.ca

Perfect Finishing Corp.
NewStar Cabinets Ltd.
3341 19 St NE Calgary AB T2E 6S8

ਜੇ ਕੌਸਕੋ ਸਟੋਰ ਵਿੱਚੋਂ ਦੁੱਧ ਵਾਲੀਆਂ ਕੈਨੀਆਂ, ਪੈਪਸੀ, ਕੋਕ, ਜੂਸ, ਲਿਕਰ ਲੈਣ ਚੱਲੇ ਹੋ ਤਾਂ
ਪਹਿਲਾਂ ਘਰ ਪਈਆਂ ਖਾਲੀ ਕੈਨੀਆਂ ਅਤੇ ਜੂਸ ਵਾਲੇ ਡੱਬੇ ਵੀ ਗੱਡੀ ਵਿੱਚ ਰੱਖ ਲਓ
ਕਿਉਂਕਿ ਬੋਤਲ ਡਿਪੂ ਹੁਣ ਕੈਲਗਰੀ ਵਿੱਚ ਸਟੋਨੀ ਟਰੇਲ ਤੋਂ
17 ਐਵਨਿਊ ਚੈਸਟਰਮੀਅਰ ਵੱਲ ਨਿਕਲਦਿਆਂ ਹੀ
ਕੌਸਕੋ ਸਟੋਰ ਦੇ ਬਿਲਕੁੱਲ ਸਾਹਮਣੇ ਹੀ ਖੁੱਲ ਗਿਆ।

ਇਹਨਾਂ ਨੂੰ ਸੁਪਰਵਾਈਜਰ/ਬੋਤਲ ਸੌਰਟਰ
ਵਰਕਰਾਂ ਦੀ ਵੀ ਲੋੜ ਹੈ

ਪੰਜਾਬੀ ਬੋਲਣ ਵਾਲਾ ਸਟਾਫ




East Hill Bottle Depot Ltd.
Call: 403 975 0128
55 East Hill Blvd (Front of new Costco at 17 ave SE.) Calgary(AB)

# ਰਿਟਾਇਰਮੈਂਟ ਲਾਈਫ ਅਤੇ ਸਿਹਤ



ਪ੍ਰੋ. ਕੁਲਬੀਰ ਸਿੰਘ
9417153513

ਪ੍ਰੋ. ਕੁਲਬੀਰ ਸਿੰਘ

ਕੀ ਰਿਟਾਇਰਮੈਂਟ ਬਾਅਦ ਸਿਹਤ ਅਕਸਰ ਖ਼ਰਾਬ ਰਹਿਦੀ ਹੈ? ਨਹੀਂ ਥੋੜ੍ਹੀ ਜਿਹੀ ਦਿਲਚਸਪੀ, ਚੇਤੰਨਤਾ, ਧਿਆਨ ਅਤੇ ਸਮਾਂ ਲਾ ਕੇ ਇਨ੍ਹਾਂ ਸਾਲਾਂ ਨੂੰ ਸਿਹਤਮੰਦ ਪ੍ਰਸੰਨ ਲੰਮੀ ਉਮਰ ਵਿਚ ਬਦਲਿਆ ਜਾ ਸਕਦਾ ਹੈ।

ਸਰੀਰ ਦੀ ਸਮਰੱਥਾ ਅਤੇ ਸ਼ੌਂਕ ਅਨੁਸਾਰ ਸੈਰ-ਕਸਰਤ-ਯੋਗਾ-ਸਾਈਕਲਿੰਗ-ਸਵਿਮਿੰਗ ਵਿਚੋਂ ਕੁਝ ਵੀ ਕਰੋ। ਨਵੀਆਂ ਕਸਰਤਾਂ ਸਿੱਖੋ। ਘੁੰਮਣ ਫਿਰਨ, ਨਵੀਆਂ ਥਾਵਾਂ ਵੇਖਣ ਦੀ ਰੁਚੀ ਪੈਦਾ ਕਰੋ। ਸੀਨੀਅਰ ਸਿਹਤ-ਗਰੁੱਪ ਜਾਇਨ ਕਰੋ। ਸਰੀਰਕ ਤੌਰ ਤੇ ਸਰਗਰਮ ਰਹੋ।

ਜੀਵਨ-ਸ਼ੈਲੀ ਬਦਲੋ। ਕ੍ਰਾਂਤੀਕਾਰੀ ਤਬਦੀਲੀਆਂ ਲਿਆਓ। ਸਿਹਤਮੰਦ ਖ਼ੁਰਾਕ ਤੇ ਫੋਕਸ ਕਰੋ। ਗੈਰ-ਸਿਹਤਮੰਦ ਖ਼ੁਰਾਕ ਨੂੰ ਜੀਵਨ ਵਿਚੋਂ, ਰਸੋਈ ਵਿਚੋਂ ਕੱਢ ਦਿਓ।

ਸਾਕਾਰਾਤਮਕ ਸੋਚ ਅਪਣਾਓ। ਗੂੜ੍ਹੀ-ਗਹਿਰੀ ਨੀਂਦ ਲਓ। ਲੰਮੇ-ਡੂੰਘੇ ਸਾਹ ਲਓ। ਪੀਸ ਆਫ਼ ਮਾਈਂਡ ਨੂੰ ਤਰਜੀਹ ਦਿਓ। ਮੈਡੀਟੇਸ਼ਨ ਨੂੰ ਸਮਾਂ ਦਿਓ। ਲੋਕਾਂ ਦੇ ਦੁਖ ਸੁਖ ਵਿਚ ਸ਼ਾਮਲ ਹੋਵੋ। ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੇ ਸੰਪਰਕ ਵਿਚ ਰਹੋ। ਪਰਿਵਾਰ ਨੂੰ, ਆਪਣੇ ਸ਼ੌਕ ਨੂੰ ਸਮਾਂ ਦਿਓ। ਰੁੱਝੇ ਰਹੋ। ਪਾਣੀ, ਫਲ, ਸਲਾਦ, ਸਬਜ਼ੀਆਂ ਵਧੇਰੇ ਮਾਤਰਾ ਵਿਚ ਲਓ। ਜੀਵਨ ਦਾ, ਹਰ ਦਿਨ ਦਾ ਉਦੇਸ਼ ਮਿਥੋ ਅਤੇ ਉਸ ਨੂੰ ਪੂਰਾ ਕਰਨ ਵਿਚ ਲੱਗੇ ਰਹੋ। ਮਨੋਰੰਜਨ ਲਈ, ਆਰਾਮ ਲਈ ਸਮਾਂ ਕੱਢੋ। ਸੰਗੀਤ ਸੁਣੋ, ਪੁਸਤਕਾਂ ਪੜ੍ਹੋ, ਬਗੀਚੀ ਦੇ ਫੁੱਲਾਂ-ਫਲ੍ਹਾਂ-ਸਬਜ਼ੀਆਂ ਨੂੰ ਪਾਣੀ ਦਿਓ। ਕੁਦਰਤ ਦੇ ਅੰਗ ਸੰਗ ਰਹੋ। ਮਨ ਦੀ ਤਾਕਤ ਨੂੰ ਪਛਾਣੋ। ਸ਼ੁਕਰਾਨਾ ਕਰੋ, ਚਿਹਰੇ ਤੇ ਮੁਸਕਾਨ ਰੱਖੋ। ਪ੍ਰਦੂਸ਼ਨ ਤੋ ਬਚੋ। ਵੱਧ ਤੋਂ ਵੱਧ ਸਮਾਂ ਖੁਲ੍ਹੀ ਹਵਾ ਵਿਚ ਬਤੀਤ ਕਰੋ। ਘਰ ਦੇ ਖਿੜਕੀਆਂ ਦਰਵਾਜ਼ੇ ਖੁਲ੍ਹੇ ਰੱਖੋ। ਜਾਲੀ ਵਾਲੇ ਦਰਵਾਜ਼ਿਆਂ ਖਿੜਕੀਆਂ ਦੀਆਂ ਜਾਲੀਆਂ ਸਾਫ਼ ਕਰੋ ਤਾਂ ਜੋ ਵੱਧ ਤੋਂ ਵੱਧ ਹਵਾ ਕਮਰਿਆਂ ਅੰਦਰ ਆ ਜਾ ਸਕੇ।

ਜਿੱਥੇ ਵੀ ਹੋ ਖੁਸ਼ ਰਹੋ, ਰੁੱਝੇ ਰਹੋ। ਰੁਝੇਵੇਂ ਵਾਲੀ ਅਰਥ ਭਰਪੂਰ ਜ਼ਿੰਦਗੀ ਜਿਉਣ ਦੀ ਕੋਸ਼ਿਸ ਕਰੋ। ਕਿਸੇ ਸੰਸਥਾ, ਹਸਪਤਾਲ, ਲਾਇਬਰੇਰੀ, ਐਨ ਜੀ ਓ ਨਾਲ ਵਲੰਟੀਅਰ ਵਜੋਂ ਜੁੜੋ। ਕਿਸੇ ਉਦੇਸ਼ ਲਈ ਜੀਣਾ, ਦੂਸਰਿਆਂ ਦੇ ਕੰਮ ਆਉਣਾ ਲੰਮੇ ਸਮੇਂ ਵਿਚ ਸਰੀਰਕ ਮਾਨਸਿਕ ਤੰਦਰੁਸਤੀ ਲਈ ਫਾਇਦੇਮੰਦ ਹੁੰਦਾ ਹੈ। ਜੇ ਤੁਸੀਂ ਸਾਫ਼-ਸ਼ੁੱਧ ਹਵਾ ਚਾਹੁੰਦੇ ਹੋ ਤਾਂ ਰਹਿਣ ਲਈ ਕਿਸੇ ਅਜਿਹੇ ਸਥਾਨ ਦੀ ਚੋਣ ਕਰੋ।

ਧੁੱਪ ਇਸ ਉਮਰ ਵਿਚ ਵਰਦਾਨ ਹੈ। ਵਿਟਾਮਿਨ ਬੀ12, ਡੀ, ਸੀ, ਈ, ਏ ਦੀ ਕਮੀ ਨਾ ਹੋਣ ਦਿਓ। ਸੰਤੁਲਿਤ ਖ਼ੁਰਾਕ ਲਓ ਜਿਸ ਵਿਚ ਕਾਰਬੋਹਾਈਡਰੇਟਸ, ਪ੍ਰੋਟੀਨ, ਫਾਈਬਰ, ਫੈਟ, ਮਿਨਰਲ, ਵਿਟਾਮਿਨ ਅਤੇ ਹੋਰ ਲੋੜੀਂਦੇ ਖ਼ੁਰਾਕੀ ਤੱਤ ਸ਼ਾਮਲ ਹੋਣ। ਖ਼ੂਨ ਦਾ ਦਬਾਅ, ਦਿਲ ਦੀ ਧੜਕਨ, ਤਣਾਅ ਅਤੇ ਕੋਲੈਸਟਰੋਲ ਤੇ ਕੰਟਰੋਲ ਰੱਖੋ।

ਭਾਰ ਤੇ ਕਾਬੂ ਰੱਖੋ। ਬਜ਼ਾਰੀ ਭੋਜਨ ਤੋਂ ਪ੍ਰਹੇਜ ਕਰੋ। ਕਣਕ ਦੀ ਵਰਤੋਂ ਘੱਟ ਤੋਂ ਘੱਟ ਕਰੋ। ਡੇਅਰੀ ਪ੍ਰੋਡਕਟ, ਬੇਕਰੀ ਪ੍ਰੋਡਕਟ, ਮਠਿਆਈਆਂ, ਪ੍ਰੋਸੈਸਡ ਫੂਡ, ਡੱਬਾ ਬੰਦ, ਬੋਤਲ ਬੰਦ, ਪੈਕਟ ਬੰਦ ਖ਼ੁਰਾਕੀ ਵਸਤੂਆਂ ਤੋਂ ਬਚੋ। ਖੇਤਾਂ ਵਿਚੋਂ, ਪੌਦਿਆਂ ਤੋਂ ਆਉਣ ਵਾਲੀਆਂ ਕੁਦਰਤੀ ਵਸਤਾਂ ਨੂੰ ਤਰਜੀਹ ਦਿਓ।

ਸਿਹਤ ਦੀ ਜਾਂਚ ਕਰਵਾਉਂਦੇ ਰਹੋ। ਡਾਕਟਰ ਦੀਆਂ ਹਦਾਇਤਾਂ ਦੀ ਪਾਲਣਾ ਕਰੋ। ਦਵਾਈ ਨਿਯਮਤ ਤੌਰ ਤੇ ਸਮੇਂ ਸਿਰ ਲਓ। ਬੀ ਪੀ ਅਤੇ ਤਣਾਅ ਵਧਣ ਨਾ ਦਿਓ ਤਾਂ ਜੋ ਸਟ੍ਰੋਕ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਬਚੇ ਰਹੋ। ਸਰੀਰ ਵਾਂਗ ਦਿਮਾਗ ਨੂੰ ਵੀ ਕਸਰਤ ਦੀ ਲੋੜ ਹੈ। ਇਸਨੂੰ ਆਪਣੇ ਪਸੰਦ ਦੀਆਂ ਸਿਰਜਣਾਤਮਿਕ ਸਰਗਰਮੀਆਂ ਵਿਚ ਲਗਾਈ ਰੱਖੋ।

ਘਰ ਅਤੇ ਬਾਹਰ ਤੁਰਦੇ ਫਿਰਦੇ ਛੋਟੀਆਂ ਛੋਟੀਆਂ ਸੱਟਾਂ, ਐਕਸੀਡੈਂਟਾਂ ਤੋਂ ਬਚੋ। ਉੱਚੀ, ਨੀਵੀਂ, ਤਿਲਕਵੀਂ ਥਾਂ ਅਤੇ ਪੌੜੀਆਂ ਪ੍ਰਤੀ ਸੁਚੇਤ ਰਹੋ। ਲੋੜ ਅਨੁਸਾਰ ਘਰ, ਕਮਰੇ ਅਤੇ ਬਾਥਰੂਮ ਵਿਚ ਰੋਸ਼ਨੀ ਦੀ ਵਿਵਸਥਾ ਕਰੋ।

ਜਿਹੜੇ ਲੋਕ ਰਿਟਾਇਰਮੈਂਟ ਬਾਅਦ ਆਪਣੇ ਸਮੇਂ ਦੀ ਵਿਉਂਤਬੰਦੀ ਕਰਕੇ ਰੁੱਝੇ ਰਹਿੰਦੇ ਹਨ ਉਹ ਮੁਕਾਬਲਤਨ ਵਧੇਰੇ ਖੁਸ਼ ਤੇ ਸੰਤੁਸ਼ਟ ਰਹਿੰਦੇ ਹਨ।

ਊਰਜਾ ਲਈ ਆਲੇ ਦੁਆਲੇ, ਘਰ-ਪਰਿਵਾਰ ਅਤੇ ਜੀਵਨ ਵਿਚ ਦਿਲਚਸਪੀ ਬਣਾਈ ਰੱਖੋ। ਤਕਨੀਕੀ ਸਹੂਲਤਾਂ ਅਪਣਾਓ ਪਰ ਉਨ੍ਹਾਂ ਦੇ ਗੁਲਾਮ ਨਾ ਬਣੋ। ਸਮਾਰਟ ਫੋਨ ਅਤੇ ਇੰਟਰਨੈਟ ਸਾਡੀ ਸਹੂਲਤ ਲਈ ਹਨ ਇਨ੍ਹਾਂ ਨੂੰ ਜ਼ਿੰਦਗੀ ਤੇ ਹਾਵੀ ਨਾ ਹੋਣ ਦਿਓ।ਮਨੋਰੰਜਨ ਤੇ ਸ਼ੌਕ ਜ਼ਰੂਰੀ ਹਨ। ਮਨ ਨੂੰ ਖੁਲ੍ਹਾ ਤੇ ਲਚਕੀਲਾ ਰੱਖੋ। ਵਰਤਮਾਨ ਮਹੱਤਵਪੂਰਨ ਹੈ। ਵਰਤਮਾਨ ਵਿਚ ਜੀਓ। ਜੇਕਰ ਤੁਸੀਂ ਇਸ ਉਮਰ ਲਈ ਯੋਜਨਾਬੰਦੀ ਅਤੇ ਤਿਆਰੀ ਨਹੀਂ ਕੀਤੀ ਤਾਂ ਅੱਜ ਤੋਂ ਹੀ ਸ਼ੁਰੂ ਕਰ ਦਿਓ।

ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਲਿਖਦੇ ਹਨ ਜਿਹੜਾ ਦੌੜ ਸਕਦੈ ਉਹ ਵਗੇ ਨਾ। ਜਿਹੜਾ ਵਗ ਸਕਦੈ ਉਹ ਤੁਰੇ ਨਾ, ਜਿਹੜਾ ਤੁਰ ਸਕਦੈ ਉਹ ਖੜੇ ਨਾ, ਜਿਹੜਾ ਖੜ੍ਹ ਸਕਦੈ ਉਹ ਬੈਠੇ ਨਾ, ਜਿਹੜਾ ਬੈਠ ਸਕਦੈ ਉਹ ਲੇਟੇ ਨਾ। ਜਿੰਨੇ ਜੋਗਾ ਕੋਈ ਹੈ ਓਨਾ ਕੁਛ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਰਹੇ। ਤੁਰੋ ਤੇ ਤੰਦਰੁਸਤ ਰਹੋ। ਤੁਹਾਡੇ ਰੁਝੇਵੇਂ ਕਦੇ ਨਾ ਮੁੱਕਣ। ਕਿਸੇ ਨਾ ਕਿਸੇ ਆਹਰੇ ਜ਼ਰੂਰ ਲੱਗੇ ਰਹੋ। ਆਹਰ ਮੁੱਕ ਜਾਣ ਤਾਂ ਬੰਦਾ ਬਹੁਤੀ ਦੇਰ ਜਿਉਂਦਾ ਨਹੀਂ ਰਹਿ ਸਕਦਾ।
















ਗੀਤਾਂ ਦੇ ਵਣਜਾਰੇ

# 'ਤੇਰਾ ਲਿਖਦੂ ਸਫੈਦਿਆਂ 'ਤੇ ਨਾਂ ਵਰਗੇ ਚਰਚਿਤ ਗੀਤਾਂ ਦਾ ਲਿਖਾਰੀ

ਅੱਸੀ ਦੇ ਦਹਾਕੇ ਦੀ ਗੀਤਕਾਰੀ ਵਿੱਚ ਨੂਰ ਬੱਸੀ ਪਠਾਨਾ ( ਰਣਧੀਰ ਸਿੰਘ ਨੂਰ) ਦੀ ਤੂਤੀ ਬੋਲਦੀ ਸੀ। ਕੈਸਟ ਕਲਚਰ ਦਾ ਦੌਰ ਪੂਰੇ ਜੋਬਨ 'ਤੇ ਸੀ। ਸਰਦੂਲ ਸਿਕੰਦਰ ਦੇ ਨੇੜਲੇ ਗੀਤਕਾਰਾਂ 'ਚੋਂ ਨੂਰ ਇੱਕ ਸੀ। ਉਨ੍ਹਾਂ ਦਿਨਾਂ ਵਿੱਚ ਸਰਦੂਲ ਤੇ ਨੂਰੀ ਦੀ ਦੋਗਾਣਾ ਟੇਪ ' ਗੋਰਾ ਰੰਗ ਦੇਈ ਨਾ ਰੱਬਾ' ਵਿੱਚ ਨੂਰ ਦੇ ਲਿਖੇ ਗੀਤਾਂ ਦੀ ਪੂਰੀ ਸਰਦਾਰੀ ਸੀ। ਨੂਰ ਗੀਤਕਾਰੀ ਦੇ ਨਾਲ-ਨਾਲ ਪਹਿਲਾਂ ਕਹਾਣੀਆਂ ਵੀ ਲਿਖਦਾ ਸੀ ਜੋ ਪੰਜਾਬੀ ਅਖ਼ਬਾਰਾਂ ਤੇ 'ਹਾਣੀ' ਰਸਾਲੇ ਵਿੱਚ ਛਪਦੀਆਂ ਸਨ। ਇਸ ਤਰ੍ਹਾਂ ਸਾਹਿਤਕ ਖੇਤਰ ਨਾਲ ਜੁੜੇ ਹੋਣ ਕਰਕੇ ਉਸਦੇ ਗੀਤਾਂ ਵਿੱਚ ਰਿਸ਼ਤਿਆਂ ਦੀ ਮਰਿਆਦਾ, ਸ਼ਬਦਾਂ ਦੀ ਠੇਠਤਾ ਤੇ ਪੰਜਾਬੀਅਤ ਦੀ ਮਹਿਕ ਛਲਕਦੀ ਹੁੰਦੀ। ਉਸਨੇ ਹਮੇਸ਼ਾ ਸਮਾਜਿਕ ਦਾਇਰੇ ਵਿੱਚ ਰਹਿਕੇ ਗੀਤਾਂ ਦੀ ਸਿਰਜਣਾ ਕੀਤੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਦੂਲ ਸਿਕੰਦਰ ਤੇ ਅਮਰ ਨੂਰੀ ਦੇ ਗਾਏ ਦੋਗਾਣਿਆਂ ਦੀ ਮਕਬੂਲੀਅਤ ਪਿੱਛੇ ਨੂਰ ਦੀ ਕਲਮ ਦਾ ਵੀ ਅਹਿਮ ਯੋਗਦਾਨ ਰਿਹਾ ਹੈ। 'ਤੇਰਾ ਲਿਖਦੂ ਸਫੈਦਿਆਂ 'ਤੇ ਨਾਂ, 'ਛੇਤੀ ਭੱਜ ਜਾ ਗਲੀ ਚ ਡੰਡ ਪੈ ਗਈ ਮਿੱਤਰਾ ਵੇ, ਰੁੱਸੇ ਰਹਿ ਜਾਂ ਰਾਜੀ, ਚਿੱਠੀ ਪੜ੍ਹ ਲਈ ਬੁੜੀ ਨੇ..ਉਸਦੀ ਕਲਮ ਹਿੱਸੇ ਆਏ ਚਰਚਿਤ ਦੋਗਾਣੇ ਹਨ। ਨੂਰ ਨੇ ਸੈਂਕੜੇ ਗੀਤ ਲਿਖੇ ਹਨ, ਜਿੰਨ੍ਹਾਂ ਨੇ ਉਸਦੀ ਸਦੀਵੀਂ ਪਛਾਣ ਬਣਾਈ। ਗੁਰਮੀਤ ਬਾਵਾ,ਸੁਚੇਤ ਬਾਲਾ-ਸੁਰਿੰਦਰ ਬਾਵਾ, ਕੇਸਰ ਸਿੰਘ ਕੇਸਰ, ਅਨੀਤਾ ਸਮਾਣਾ, ਕੇ ਦੀਪ ਜਗਮੋਹਨ ਕੌਰ, ਸਰਦੂਲ ਸਿਕੰਦਰ ਅਮਰ ਨੂਰੀ, ਭੁਪਿੰਦਰ ਗਿੱਲ-ਮਿਸ ਨੀਲਮ,ਮਨਜੀਤ ਰਾਹੀ-ਦਲਜੀਤ ਕੌਰ ਸਮੇਤ ਅਨੇਕਾਂ ਨਵੇਂ ਪੁਰਾਣੇ ਗਾਇਕਾਂ ਦੀ ਆਵਾਜ਼ ਵਿੱਚ 300 ਤੋਂ ਵਧ ਗੀਤ ਰਿਕਾਰਡ ਕਰਵਾਉਣ ਵਾਲੇ ਇਸ ਗੀਤਕਾਰ ਦਾ ਜਨਮ 2 ਫਰਵਰੀ 1948 ਨੂੰ ਬੱਸੀ ਪਠਾਨਾ (ਸ੍ਰੀ ਫ਼ਤਿਹਗੜ੍ਹ ਸਾਹਿਬ)ਵਿਖੇ ਮਾਤਾ ਬਲਵੀਰ ਕੌਰ ਤੇ ਪਿਤਾ ਤੇਜਾ ਸਿੰਘ ਦੇ ਘਰ ਹੋਇਆ। ਜਵਾਨੀ ਉਮਰੇ ਗੀਤ ਸੁਣਨ ਦੀ ਚੇਟਕ ਨੇ ਨੂਰ ਨੂੰ ਕਲਾ ਖੇਤਰ ਵੱਲ ਮੋੜ ਲਿਆ। ਹਰਚਰਨ ਗਰੇਵਾਲ ਤੇ ਨਰਿੰਦਰ ਬੀਬਾ ਦੇ ਗੀਤਾਂ ਨੇ ਉਸਨੂੰ ਵਧੇਰੇ ਪ੍ਰਭਾਵਤ ਕੀਤਾ। ਇੰਨ੍ਹਾਂ ਦੇ ਗੀਤ ਸੁਣ ਸੁਣ ਜੁਆਨ ਹੋਏ ਨੂਰ ਦੇ ਅੰਦਰਲੇ ਗੀਤਕਾਰ ਨੇ ਅੰਗੜਾਈ ਲਈ। ਉਸ ਅੰਦਰ ਕਲਮ ਚਲਾਉਣ ਦੀ ਰੀਝ ਪੈਦਾ ਹੋਈ ਤਾਂ ਨੂਰ ਨੇ ਗੀਤਕਾਰ ਗੁਰਦੇਵ ਮਾਨ ('ਮਿੱਤਰਾਂ ਦੀ ਲੂਣ ਦੀ ਡਲੀ) ਨੂੰ ਆਪਣਾ ਉਸਤਾਦ ਧਾਰ ਲਿਆ। ਨੂਰ ਨੇ ਦੱਸਿਆ ਕਿ ਉਨ੍ਹਾਂ ਸਮਿਆਂ ਵਿੱਚ ਮਨੋਰੰਜਨ ਦੇ




ਸਾਧਨ ਕਾਮਰੇਡਾਂ ਦੇ ਡਰਾਮੇ, ਜਲਸੇ ਆਦਿ ਹੀ ਹੋਇਆ ਕਰਦੇ ਸੀ। ਉਨ੍ਹਾਂ ਦੇ ਇਲਾਕੇ 'ਚ ਰੱਬੀ ਬੈਰੋਪੁਰੀ ਦੇ ਡਰਾਮੇ ਬਹੁਤ ਮਸ਼ਹੂਰ ਹੁੰਦੇ ਸੀ। ਉਸ ਵੇਲੇ ਉਸਨੂੰ ਰੱਬੀ ਬੈਰੋਪੁਰੀਆ ਦੀਆਂ ਸਟੇਜਾਂ ਤੋਂ ਗਾਉਣ ਦਾ ਮੌਕਾ ਮਿਲਿਆ। ਉਦੋਂ ਉਹ ਦਸਵੀਂ ਦੇ ਪੇਪਰ ਦੇ ਹਟਿਆ ਸੀ ਜਦ ਉਸਦਾ ਪਹਿਲਾਂ ਗੀਤ 'ਸੋਹਣੀ ਦਾ ਘੜਾ' ਗੁਰਮੀਤ ਬਾਵਾ ਦੀ ਆਵਾਜ਼ ਵਿੱਚ ਐੱਚ ਐੱਮ ਵੀ ਤਵੇ 'ਤੇ ਰਿਕਾਰਡ ਹੋਇਆ। ਬਾਵਾ ਜੀ ਨੇ ਉਸਦਾ ਇਹ ਗੀਤ ਕਿਤਾਬ 'ਪਤਲੋ ਪਤੰਗ ਵਰਗੀ' ਵਿਚੋਂ ਪੜ੍ਹਕੇ ਰਿਕਾਰਡ ਕਰਵਾਇਆ ਸੀ। ਨੂਰ ਬੱਸੀ ਨੇ ਜਿੰਨ੍ਹੇ ਵੀ ਗੀਤ ਲਿਖੇ ਉਹ ਸਰੋਤਿਆਂ ਦੀ ਜੁਬਾਨ 'ਤੇ ਚੜ੍ਹੇ ਜੋ ਅੱਜ ਵੀ ਤਰੋ-ਤਾਜ਼ਾ ਹਨ। ਗੀਤਕਾਰੀ ਦੇ ਸ਼ੌਂਕ ਨੂੰ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ ਚੋਂ ਉਸਨੇ ਕਦੇ ਮਨਫ਼ੀ ਨਹੀਂ ਹੋਣ ਦਿੱਤਾ।

ਨੂਰ ਦੇ ਜਿਆਦਾਤਰ ਗੀਤਾਂ ਨੂੰ ਖੰਨੇ ਸ਼ਹਿਰ ਦੇ ਗਾਇਕ ਕਲਾਕਾਰਾਂ ਨੇ ਹੀ ਰੂਹ ਨਾਲ ਗਾਇਆ। ਸਮੇਂ ਦੀ ਲਿਹਾਜ ਨਾਲ ਉਸਦੇਂ ਗੀਤਾਂ 'ਚੋਂ ਤਾਂਬੇ ਰੰਗੀ ਭੱਮਕ ਵੀ ਮਾਰਦੀ ਹੈ। ਉਸਦਾ ਗੀਤ 'ਟੈਰਾਲੀਨ ਤਿੰਨ ਮੇਲ ਦੀ' ਅਤੇ ਕੇਸਰ ਸਿੰਘ ਕੇਸਰ ਤੇ ਅਨੀਤਾ ਸਮਾਣਾ ਦੀ ਆਵਾਜ਼ 'ਚ 'ਗੁੰਦਵਾਂ ਸਰੀਰ ਤੇਰਾ' ਵੀ ਲੋਕਾਂ ਨੇ ਖੂਬ ਪਸੰਦ ਕੀਤਾ, ਬਾਅਦ ਵਿੱਚ ਇਸੇ ਗੀਤ ਨੂੰ ਕੇ ਦੀਪ- ਜਗਮੋਹਨ ਕੌਰ ਨੇ ਵੀ ਰਿਕਾਰਡ ਕਰਵਾਇਆ ਤੇ ਇਹ ਵੀ ਬੇਹੱਦ ਮਕਬੂਲ ਹੋਇਆ।ਜਦ ਸਰਦੂਲ ਅਮਰ ਨੂਰੀ ਦੀ ਦੋਗਾਣਾ ਗਾਇਕੀ ਦੀ ਗੱਲ੍ਹ ਹੁੰਦੀ ਹੈ ਤਾਂ ਨੂਰ ਬੱਸੀ ਪਠਾਨੇ ਵਾਲੇ ਗੀਤਾਂ ਦਾ ਖ਼ਾਸ ਜ਼ਿਕਰ ਹੁੰਦਾ ਹੈ। ਨੂਰ ਨੇ ਜਿੱਥੇ ਚੁਲਬਲੇ ਗੀਤ ਲਿਖੇ, ਉਥੇ ਪਰਿਵਾਰਕ ਨੋਕ-ਝੋਕ ਵਾਲੇ ਗੀਤਾਂ ਦੀ ਵੀ ਸਿਰਜਣਾ ਕੀਤੀ। ਸਰਦੂਲ ਸਿਕੰਦਰ ਨੇ ਨੂਰ ਦੇ ਗੀਤਾਂ ਨੂੰ ਪਰਿਵਾਰਕ ਲਹਿਜੇ ਨਾਲ ਗਾ ਕੇ ਉਸਨੂੰ ਨਵੇਂ ਸਰੋਤਾ ਵਰਗ ਨਾਲ ਜੋੜਿਆ । ਸਰਦੂਲ ਦੀ ਆਵਾਜ਼ 'ਚ ਨੂਰ ਦੇ ਲਿਖੇ ਗੀਤਾਂ ਦੀ ਲਿਸਟ ਕਾਫ਼ੀ ਲੰਮੀ ਹੈ ਪਰ ਸਭ ਤੋਂ ਵੱਧ ਚਰਚਿਤ ਗੀਤਾਂ 'ਚ 'ਤੇਰਾ ਲਿਖਦੂ ਸਫੈਦਿਆਂ ਤੇ ਨਾਂ' ਹੈ। ਜਿਸ ਨੂੰ ਪੰਜਾਬੀ ਫ਼ਿਲਮ 'ਪੁੱਤ ਸਰਦਾਰਾਂ ਦੇ' ਵਿੱਚ ਸਰਦੂਲ ਸਿਕੰਦਰ ਤੇ ਅਮਰ ਨੂਰੀ 'ਤੇ ਫ਼ਿਲਮਾਇਆ ਵੀ ਗਿਆ ਹੈ। ਨੂਰ ਨੇ ਦੱਸਿਆ ਕਿ ਉਸਨੇ ਜਿਆਦਾਤਰ ਗੀਤ ਸਰਦੂਲ ਦੇ ਘਰ ਰਹਿ ਕੇ ਹੀ ਲਿਖੇ। ਸਰਦੂਲ ਖੁਦ ਤਰਜ਼ ਬਣਾਉਂਦਾ ਤੇ ਉਹ ਗੀਤ ਲਿਖਦਾ। ਨੂਰ ਦੇ ਗੀਤਾਂ ਦੀ ਪੜਚੋਲ ਕਰੀਏ ਤਾਂ ਗੀਤ 'ਰੁੱਸੇ ਰਹਿ ਜਾ ਰਾਜ਼ੀ ਵੇ ਅੱਜ ਤੇਰੀ ਮਾਂ ਖੜਕਾਉਣੀਆਂ... ਨੂੰਹ-ਸੱਸ ਦੀ ਪਰਿਵਾਰਕ ਨੋਕ ਝੋਕ ਪੇਸ਼ ਕਰਦਾ ਇੱਕ ਸੋਹਣਾ ਗੀਤ ਹੈ। ਇਸ ਤੋਂ ਇਲਾਵਾ

'ਚਿੱਠੀ ਪੜ੍ਹ ਲੀ ਬੁੜੀ ਨੇ.. ਗੁੱਤ ਪੁੱਟ ਕੇ ਬਣਾਤਾ ਬੁਰਾ ਹਾਲ ਮਿੱਤਰਾ'

ਪਿਆਰ-ਮੁਹੱਬਤਾਂ ਚ ਪਏ ਪੁਆੜੇ ਦੀ ਕਹਾਣੀ ਬਿਆਨਦਾ ਦੋਗਾਣਾ ਹੈ। ਮਨਜੀਤ ਰਾਹੀ ਤੇ ਦਲਜੀਤ ਕੌਰ ਦੀ ਜੋੜੀ ਨੇ ਵੀ ਨੂਰ ਦੇ ਗੀਤਾਂ ਨੂੰ ਗਾਇਆ ਹੈ। ਇਸ ਜੋੜੀ ਦੀ ਆਵਾਜ਼ ਵਿੱਚ 'ਜੰਝ ਸੋਫ਼ੀਆਂ ਦੀ, ਕੰਨਾਂ ਬਾਟੀ ਕੁਰਰ' ਅਤੇ ' ਜੀਜਾ ਕਦੇ ਰਾਤ ਨੀਂ ਰਹਿੰਦਾ', ਢੋਲ ਨੇ ਸ਼ਰਾਬ ਛੱਡਤੀ' ਸਮੇਤ ਤਕਰੀਬਨ 15 ਕੈਸਟਾਂ ਲਈ ਗੀਤ ਲਿਖੇ। ਇਸ ਜੋੜੀ ਨਾਲ ਵੀ ਉਸਦੀ ਕਈ ਸਾਲ ਪਰਿਵਾਰਕ ਸਾਂਝ ਰਹੀ। ਇਸ ਤੋਂ ਇਲਾਵਾ ਭੁਪਿੰਦਰ ਗਿੱਲ ਤੇ ਮਿਸ ਨੀਲਮ ਦੀ ਆਵਾਜ਼ ਵਿੱਚ 'ਭੂਆ ਕੋਲ ਛੁੱਟੀਆਂ 'ਚ ਆਈ ਹੋਈ ਆਂ' ਅਤੇ ' ਮਿੱਤਰਾਂ ਦਾ ਮੇਲਾ ਬਣ ਜਾਂਦਾ' ਵੀ ਕਾਫ਼ੀ ਚਰਚਿਤ ਦੋਗਾਣੇ ਹਨ।ਧਾਰਮਿਕ ਗੀਤ 'ਨੀਂ ਗੜ੍ਹੀਏ ਚਮਕੌਰ ਦੀਏ ਦੱਸ ' (ਖ਼ੂਨੀ ਸਾਕਾ) ਤੋਂ ਇਲਾਵਾ ਸਰਦੂਲ ਸਿਕੰਦਰ ਤੇ ਪਰਮਜੋਤੀ ਦੀ ਆਵਾਜ਼ 'ਚ 'ਤੇਰੇ ਪਿੰਡ ਖ਼ੂਨ ਹੋਣਗੇ' ਵੀ ਰਿਕਾਰਡ ਹੋਇਆ। ਗੁਰਮੀਤ ਬਾਵਾ ਦੇ ਪਤੀ ਕਿਰਪਾਲ ਬਾਵਾ ਨੇ ਨੂਰ ਬੱਸੀ ਪਠਾਨਾ ਦੀ ਲਿਖੀ ਲੋਕ ਗਾਥਾ 'ਰਾਣੀ ਕਿਰਨਮਈ' ਵੀ ਰਿਕਾਰਡ ਕਰਵਾਈ। ਉਪਰੋਕਤ ਕਲਾਕਾਰਾਂ ਦੇ ਇਲਾਵਾ ਨੂਰ ਦੇ ਗੀਤਾਂ ਨੂੰ 'ਬਿੱਟੂ ਖੰਨੇ ਵਾਲਾ, ਬਲਬੀਰ ਰਾਏ, ਰਾਜਿੰਦਰ ਮੰਡੀ, ਮਨਜੀਤ ਰਾਹੀ, ਗੁਲਸ਼ਨ ਕੋਮਲ, ਭਰਪੂਰ ਅਲੀ, ਹਰਬੰਸ ਰੈਲੋ-ਸੁਦੇਸ਼ ਕੁਮਾਰੀ, ਕਰਮਜੀਤ ਕੰਮਾ ਤੇ ਮਿਸ ਪੂਜਾ, ਆਦਿ ਕਲਾਕਾਰਾਂ ਨੇ ਵੀ ਨੂਰ ਦੇ ਗੀਤਾਂ ਨੂੰ ਆਵਾਜ ਦਿੱਤੀ। ਮੌਜੂਦਾ ਗੀਤਕਾਰੀ ਬਾਰੇ ਉਸਦਾ ਕਹਿਣਾ ਹੈ ਕਿ ਪਹਿਲਾਂ ਗੀਤਾਂ ਵਿੱਚ ਕਹਾਣੀ ਸੁਣਾਈ ਜਾਂਦੀ ਸੀ ਜਦਕਿ ਅੱਜ ਚੈਨਲਾਂ ਦਾ ਦੌਰ 'ਚ ਕਹਾਣੀ ਵਿਖਾਈ ਜਾਂਦੀ ਹੈ। ਸਿੱਧੇ ਸ਼ਬਦਾਂ ਵਿੱਚ ਗੀਤ ਸੁਣਨ ਦੀ ਬਜਾਏ ਵੇਖਣਯੋਗ ਹੋ ਗਏ ਹਨ ਪਰ ਨਾ ਹੁਣ ਸਰੋਤੇ ਰਹੇ ਹਨ ਨਾ ਹੀ ਗਾਉਣ ਵਾਲੇ। ਨੂਰ ਨੂੰ ਗਿਲਾ ਹੈ ਕਿ ਉਸਦੇ ਗੀਤਾਂ ਨਾਲ ਵੀ ਛੇੜਛਾੜ ਹੋਈ ਹੈ। ਕਈ ਨਵੇਂ ਗਾਇਕਾਂ ਨੇ ਉਸਦੇ ਗੀਤ ਭੰਨ ਤੋੜ ਕੇ ਗਾਏ।

ਮਾਣ ਸਨਮਾਣ ਦੀ ਗੱਲ੍ਹ ਕਰੀਏ ਤਾਂ ਸਰਦੂਲ ਨੇ ਉਸਦੇ ਗੀਤਾਂ ਦੀ ਰਿਆਲਟੀ ਦਿੱਤੀ ਹੈ। ਸਰਦੂਲ ਵੀ ਉਸਦਾ ਬਹੁਤ ਮਾਣ ਤਾਣ ਕਰਦਾ ਰਿਹਾ ਹੈ, ਹੋਰ ਕਿਸੇ ਨੇ ਉਸਨੂੰ ਕੱਖ ਨਹੀਂ ਦਿੱਤਾ। ਮਾਣ ਸਨਮਾਣ ਦੀ ਰਾਜਨੀਤੀ ਤੋਂ ਦੂਰ ਨੂਰ ਬੱਸੀ ਪਠਾਨਾ ਸਰੋਤਿਆਂ ਦਾ ਪਿਆਰ ਹੀ ਅਸਲ ਸਨਮਾਣ ਮੰਨਦਾ ਹੈ। ਗੀਤਕਾਰੀ ਦੇ ਖੱਟੇ-ਮਿੱਠੇ ਤਜੱਰਿਬਆ ਨੂੰ ਹੰਡਾਉਣ ਵਾਲੇ ਨੂਰ ਬੱਸੀ ਪਠਾਨਾ ਨੇ ਮਾਣ ਹੈ ਕਿ ਉਸਦਾ ਪੁੱਤਰ ਕੰਵਰਦੀਪ ਸਿੰਘ ਨੂਰ ਗੀਤਕਾਰ ਨਹੀਂ ਬਲਕਿ ਚੰਗੇ ਅਸਰ ਰਸੂਖ ਵਾਲਾ ਨਾਮੀਂ ਵਕੀਲ ਹੈ। ਜ਼ਿੰਦਗੀ ਦੇ 77 ਸਾਲ ਲੰਘਾ ਚੁੱਕਿਆ ਨੂਰ ਬੱਸੀ ਪਠਾਨਾ ਭਾਵੇਂ ਪਿਛਲੇ ਕੁਝ ਮਹੀਨੇ ਬਿਮਾਰੀਆਂ 'ਚ ਘਿਰਿਆ ਰਿਹਾ, ਪਰ ਗੀਤ ਲਿਖਣ ਦੀ ਚੇਸ਼ਟਾ ਹਾਲੇ ਵੀ ਬਰਕਰਾਰ ਹੈ। ਰੂਹ ਦੀ ਖ਼ੁਰਾਕ ਲਈ ਉਹ ਆਖ਼ਰੀ ਦਮ ਤੱਕ ਲਿਖਦਾ ਰਹੇਗਾ।

**ਸੁਰਜੀਤ ਜੱਸਲ**
9814607737

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

Call Romi Sidhu For Insurance & Financial Needs
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILITY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent

STANCE PHYSIO
CHIRO & MASSAGE
Psychological/Mental Health Counselling Available
ਫਿਜ਼ੀਓਥਰੈਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB I PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
www.stancephysio.com
Ph: +1(825)513-0151 Address: 470, 10980 38St NE AB Calgary

Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: • Airline Tickets • Tour Packages • Cruises • Travel Insurance • Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ • ਏਅਰਲਾਈਨਜ਼ ਟਿਕਟ • ਟੂਰ ਪੈਕੇਜ • ਕਰੂਜਜ • ਟਰੈਵਲ ਇੰਸ਼ੋਰੈਂਸ • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed- One year warranty on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

ਝੀਲ ਦੇ ਕਿਨਾਰੇ ਰਹਿਣਾ
ਡਾਸਨ ਲੈਂਡਿੰਗ ਵਿੱਚ ਸਾਰਾ ਸਾਲ ਰਹਿਣਾ ਹੈ
DAWSON'S LANDING CHESTERMERE
A QUALICO COMMUNITY
ਚੈਸਟਰਮੀਅਰ ਕਮਿਓਨਿਟੀ,
ਜਿੱਥੇ ਤੁਹਾਨੂੰ ਤੁਹਾਡਾ ਘਰ ਹੋਣ ਉੱਪਰ ਮਾਣ ਹੋਵੇ
ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ, ਚੈਸਟਰਮੇਰ ਦੇ ਝੀਲ ਦੇ ਕਿਨਾਰੇ ਸ਼ਹਿਰ ਵਿੱਚ ਡਾਸਨ ਦੀ ਲੈਂਡਿੰਗ, ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ, ਅਤੇ ਸਕੂਲਾਂ, ਪਾਰਕਾਂ, ਖਰੀਦਦਾਰੀ, ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁਝ ਮਿੰਟਾਂ ਵਿੱਚ ਸਥਿਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸ ਵਿੱਚ ਤੁਸੀਂ ਆਪਣਾ ਘਰ ਹੋਣ ਉੱਪਰ ਮਾਣ ਮਹਿਸੂਸ ਕਰੋਗੇ।
liveindawsonslanding.ca
ਹਾਈਵੇਅ 1 ਰਾਹੀਂ ਡਾਊਨਟਾਊਨ ਕੈਲਗਰੀ ਤੱਕ ਪਹੁੰਚ
ਸਟੋਰਮ ਵਾਟਰ ਕਿਡਨੀ ਬਣਾਉਣ ਲਈ ਪਹਿਲਾ ਰਿਹਾਇਸ਼ੀ ਭਾਈਚਾਰਾ™
ਮਾਲਕਾਂ ਦੀ ਐਸੋਸੀਏਸ਼ਨ ਜੋ ਘਰੇਲੂ ਮੁੱਲਾਂ ਨੂੰ ਸੁਰੱਖਿਅਤ ਰੱਖਦੀ ਹੈ
ਨਵੀਆਂ ਲਾਟਾਂ ਹੁਣ ਵੇਚ ਰਹੇ ਹਾਂ
NUVISTA HOMES • BROADVIEW HOMES • MORRISON HOMES • STERLING HOMES
ਲੇਨਡ ਡੁਪਲੈਕਸ ਫਰੋਮ ਦੀ ਹਾਈ $400s
ਫਰੰਟ ਗੈਰਾਜ ਡੁਪਲੈਕਸ ਫਰੋਮ ਦੀ ਮਿਡ $600s
ਬੰਗਲੋ ਹੋਮਜ਼ ਫਰੋਮ ਦੀ ਮਿਡ $700s
ਫਰੰਟ ਗੈਰਾਜ ਹੋਮਜ਼ ਫਰੋਮ ਦੀ ਮਿਡ $700s
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
STOP
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD.
Goliath Tractor Service Ltd.
Rig Logistics is now Hiring Long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)




ਫੇਸ 3 ਹੁਣ ਵੇਚ ਰਹੇ ਹਾਂ
Vermilion Hill
ਵਰਮਿਲੀਅਨ ਹਿੱਲ ਵਿੱਚ ਬੇਅੰਤ ਮਜ਼ੇ ਅਤੇ ਆਰਾਮਦਾਇਕ ਮਾਹੌਲ ਤੁਹਾਡੀ ਉਡੀਕ ਕਰ ਰਹੇ ਹਨ। ਫੇਜ਼ 3 ਦੀ ਬਹੁਤ ਉਮੀਦ ਕੀਤੀ ਜਾਣ ਵਾਲੀ ਰੀਲੀਜ਼ ਵਿੱਚ ਕਮਿਊਨਿਟੀ ਦਾ ਪਹਿਲਾ ਖੇਡ ਦਾ ਮੈਦਾਨ ਅਤੇ ਖੇਤਰ ਵਿੱਚ ਟਾਊਨਹੋਮਜ਼ ਦੀ ਸ਼ੁਰੂਆਤ ਸ਼ਾਮਲ ਹੋਵੇਗੀ। ਵਰਮਿਲੀਅਨ ਹਿੱਲ ਇੱਕ ਕਮਿਊਨਿਟੀ ਤੋਂ ਵੱਧ ਹੈ - ਇਹ ਜੀਵਨ ਭਰ ਦੀਆਂ ਯਾਦਾਂ ਬਣਾਉਣ ਲਈ ਸਹੀ ਜਗ੍ਹਾ ਹੈ!
NEW
Townhomes Duplexes Laned Homes Front Garage
ਵੈੱਬ ਸਾਈਟ ਉੱਪਰ ਜਾਕੇ ਨਵੀਆਂ ਲਾਟਾਂ ਦੇਖੋ:
liveinvermilionhill.com
ਆਪਣੇ ਮਨਪਸੰਦ ਬਿਲਡਰ ਨੂੰ ਮਿਲਕੇ ਆਪਣੀ ਲਾਟ ਅੱਜ ਹੀ ਬੁੱਕ ਕਰਵਾਓ
• NuVista Homes • Genesis Builders • Shane Homes
• Homes by Avi • Sterling Homes • Broadview Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities

# ਐਲੋਨ ਮਸਕ ਨੇ ਐਕਸ ਸਪੇਸ ਤੇ ਡੋਨਲਡ ਟਰੰਪ ਦੀ ਇੰਟਰਵਿਊ ਕੀਤੀ



ਯੂ ਐਸ ਏ(ਪੰਜਾਬੀ ਅਖ਼ਬਾਰ ਬਿਊਰੋ) - ਅਮਰੀਕੀ ਕਾਰੋਬਾਰੀ ਐਲੋਨ ਮਸਕ ਨੇ ਐਕਸ ਸਪੇਸ ਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇੰਟਰਵਿਊ ਕੀਤੀ ਹੈ । ਇਹ ਗੱਲਬਾਤ ਆਡੀਓ ਫਾਰਮੈਟ ਵਿੱਚ 2 ਘੰਟੇ 6 ਮਿੰਟ ਤੱਕ ਚੱਲੀ। ਸਭ ਤੋਂ ਪਹਿਲਾਂ ਮਸਕ ਨੇ ਪੈਨਸਿਲਵੇਨੀਆ ਚ ਟਰੰਪ ਤੇ ਹੋਏ ਹਮਲੇ ਬਾਰੇ ਪੁੱਛਿਆ। ਟਰੰਪ ਨੇ ਹੱਸਦਿਆਂ ਕਿਹਾ ਕਿ ਤਜਰਬਾ ਬਹੁਤ ਮਾੜਾ ਰਿਹਾ। ਹਮਲੇ ਤੋਂ ਬਾਅਦ ਉਹ ਰੱਬ ਤੇ ਜ਼ਿਆਦਾ ਵਿਸ਼ਵਾਸ ਕਰਨ ਲੱਗ ਪਏ । ਟਰੰਪ ਨੇ ਇੰਟਰਵਿਊ ਚ ਜੋ ਬਾਇਡਨ ਅਤੇ ਕਮਲਾ ਹੈਰਿਸ ਤੇ ਕਈ ਦੋਸ਼ ਲਗਾਏ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀਆਂ ਨੀਤੀਆਂ ਕਾਰਨ ਦੇਸ਼ ਵਿੱਚ 100 ਸਾਲਾਂ ਵਿੱਚ ਸਭ ਤੋਂ ਵੱਧ ਮਹਿੰਗਾਈ ਹੋਈ ਹੈ ਅਤੇ ਦੂਜੇ ਦੇਸ਼ਾਂ ਤੋਂ ਅਪਰਾਧੀ ਅਮਰੀਕਾ ਵਿਚ ਦਾਖਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਕਮਲਾ ਹੈਰਿਸ ਕੈਲੀਫੋਰਨੀਆ ਦੀ ਮੇਅਰ ਬਣੀ ਅਤੇ ਉਸ ਨੇ ਉਸ ਸ਼ਹਿਰ ਨੂੰ ਬਰਬਾਦ ਕਰ ਦਿੱਤਾ। ਜੇਕਰ ਉਹ ਅਮਰੀਕਾ ਦੀ ਰਾਸ਼ਟਰਪਤੀ ਬਣ ਜਾਂਦੀ ਹੈ ਤਾਂ ਦੇਸ਼ ਬਰਬਾਦ ਹੋ ਜਾਵੇਗਾ।

ਦੇਸ਼ ਨੂੰ ਚਲਾਉਣ ਵਾਲੇ ਲੋਕ ਅਯੋਗ ਹਨ। ਕਮਲਾ ਰਾਸ਼ਟਰਪਤੀ ਬਣੀ ਤਾਂ ਅਮਰੀਕਾ ਦਾ ਕਾਰੋਬਾਰ ਬੰਦ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਵਿਚ 20 ਮਿਲੀਅਨ ਗੈਰ-ਕਾਨੂੰਨੀ ਪ੍ਰਵਾਸੀ ਹਨ। ਦੂਜੇ ਦੇਸ਼ਾਂ ਤੋਂ ਡਰੱਗ ਡੀਲਰ ਇੱਥੇ ਆ ਰਹੇ ਹਨ। ਉਨ੍ਹਾਂ ਕਮਲਾ ਹੈਰਿਸ ਜੋ ਬਾਇਡਨ ਨਾਲੋਂ ਵੀ ਵੱਧ ਅਯੋਗ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਬਾਇਡਨ ਨੂੰ ਵ੍ਹਾਈਟ ਹਾਊਸ ਤੋਂ ਜ਼ਬਰਦਸਤੀ ਹਟਾਇਆ ਜਾ ਰਿਹਾ ਹੈ। ਅਤੇ ਬਾਇਡਨ ਨੂੰ ਰਾਸ਼ਟਰਪਤੀ ਦੀ ਦੌੜ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇਹ ਉਨ੍ਹਾਂ ਦਾ ਅਸਤੀਫਾ ਨਹੀਂ ਸੀ, ਇਹ ਤਖਤਾਪਲਟ ਸੀ

# ਮੇਰਾ ਸ਼ਹਿਰ ਰੀਜਾਈਨਾ ( Regina )



ਲੇਖਕ -
ਮਲਕੀਤ ਸਿੰਘ ਸਿੱਧੂ ਸੇਖਾ

Regina ਲਾਤੀਨੀ (Latin) ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮਤਲੱਬ ਹੈ Queen ਭਾਵ ਰਾਣੀ। ਇਸੇ ਕਰਕੇ ਇਸ ਸ਼ਹਿਰ ਨੂੰ Queen City ਕਿਹਾ ਜਾਂਦਾ ਹੈ। Regina ਸ਼ਬਦ ਦਾ ਅਸਲੀ ਉਚਾਰਨ ਰੀਜਾਈਨਾ ਨਹੀਂ, ਰਜੀਨਾ ਹੈ। ਚਿੱਟੀ ਚਮੜੀ, ਮਿੱਠੀ ਬੋਲੀ ਵਾਲੇ ਖਚਰੇ ਅੰਗਰੇਜ਼ ਨੇ ਰਜੀਨਾ ਨੂੰ ਰੀਜਾਈਨਾ ਬਣਾ ਦਿੱਤਾ, ਜਿਵੇਂ ਇਹਨਾ ਨੇ ਕਾਨਾਟਾ ਨੂੰ ਕੈਨੇਡਾ ਬਣਾ ਦਿੱਤਾ। ਕਾਨਾਟਾ ਆਦੀ ਵਾਸੀਆਂ ਦੀ Cree ਭਾਸ਼ਾ ਦਾ ਲਫ਼ਜ਼ ਹੈ, ਜਿਸ ਦਾ ਮਤਲਬ ਹੈ , ਸਾਡੇ ਘਰ ਆਉਣ ਲਈ ਧੰਨਵਾਦ।

ਰੀਜਾਈਨਾ ਉੱਤਰੀ ਅਮਰੀਕਾ ਵਿੱਚ ਇੱਕੋ ਇੱਕ ਸ਼ਹਿਰ ਹੈ ਜੋ ਦਰਿਆ ਦੇ ਕੰਡੇ ਨਹੀਂ ਵਸਿਆ। ਜਿਸ ਜਗਾਹ ਰੀਜਾਇਨਾ ਵਸਿਆ ਹੈ, ਇਸ ਥਾਂ ਨੂੰ Oscans ਕਿਹਾ ਜਾਂਦੀ ਸੀ ਜਿਸ ਨੂੰ ਅੰਗਰੇਜ ਨੇ Wascana ਬਣਾ ਦਿੱਤਾ। Oscans, ਆਦੀ ਵਾਸੀਆਂ ਦੀ Cree ਭਾਸ਼ਾ ਦਾ ਲਫ਼ਜ਼ ਹੈ, ਜਿਸ ਦਾ ਮਤਲਬ ਹੈ ਹੱਡੀਆਂ ਦਾ ਢੇਰ, ਜਿਸ ਨੂੰ ਆਪਾਂ ਹੱਡਾਂ ਰੋੜੀ ਕਹਿੰਦੇ ਹਾਂ। ਇਸ ਜਗਾਹ ਤੇ ਓਹ ਲੋਕੀਂ ਆਪਣੇ ਸ਼ਿਕਾਰ ਦੀਆਂ ਹੱਡੀਆਂ ਸੁੱਟਦੇ ਸਨ।



ਸੋ ਇਸ ਪਵਿਤਰ ਜਗਾਹ ਤੇ ਸ਼ਹਿਰ ਵਸ ਗਿਆ ਜੋ Oscana ਭਾਵ Wascana ਦੇ ਨਾਮ ਨਾਲ ਜਾਣਿਆ ਜਾਂਦਾ ਸੀ।1882 ਵਿੱਚ Queen Victoria ਦੀ ਸ਼ਹਿਜ਼ਾਦੀ Princess Louise ਨੇ ਆਪਣੀ ਮਾਂ ਨੂੰ ਸਨਮਾਨਤ ਕਰਨ ਲਈ, ਇਸ ਸ਼ਹਿਰ ਦਾ ਨਾਮ ਰਜੀਨਾ ਰੱਖ ਦਿੱਤਾ, ਜਿਸ ਦਾ ਮਤਲਬ ਹੈ Queen.

ਜਿਸ ਜਗਾਹ ਨੂੰ ਕਦੀ Oscans(ਹੱਡਾ ਰੋੜੀ) ਕਹਿੰਦੇ ਸੀ, ਉਹਨੂੰ ਅੱਜ Wascana Park ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਪਾਰਕ 1860 ਏਕੜ ਵਿੱਚ ਫੈਲਿਆ ਹੋਇਆ ਹੈ। ਇਸ ਪਾਰਕ ਨੂੰ ਦੁਨੀਆਂ ਭਰ ਵਿੱਚ Crown-Jewel of Regina ਵਜੋਂ ਵੀ ਜਾਣਿਆ ਜਾਂਦਾ ਹੈ।

ਘੱਟ ਹੀ ਲੋਕੀਂ ਜਾਣਦੇ ਹਨ ਇਸ ਅਦਭੁਤ ਸ਼ਹਿਰ ਬਾਰੇ। ਇਹ ਸ਼ਹਿਰ ਉਤਰੀ ਅਮਰੀਕਾ ਦੇ ਬਿਲਕੁੱਲ ਸੈਂਟਰ ਵਿੱਚ ਹੈ। ਕੈਨੇਡਾ ਇੱਕੋ ਇੱਕ ਸ਼ਹਿਰ ਹੈ ਜਿੱਥੇ Royal Canadian Mounted Police(RCMP) ਦੇ ਦੋ ਡਵੀਜ਼ਨ ਹਨ, 6 ਡਵੀਜ਼ਨ ਤੇ Depot ਡਵੀਜ਼ਨ। 6 ਡਵੀਜ਼ਨ ਛੋਟੇ ਪਿੰਡਾਂ ਤੇ ਕਸਬਿਆਂ ਦੀ ਖਾਤਰ-ਦਾਰੀ ਕਰਦਾ ਹੈ ਤੇ Depot ਡਵੀਜ਼ਨ RCMP ਦੀ ਟਰੇਨਿੰਗ ਅਕੈਡਮੀ ਹੈ। ਸਾਰੇ ਕੈਨੇਡਾ ਵਿੱਚੋਂ ਮੁੰਡੇ ਕੁੜੀਆਂ RCMP ਦੀ ਟ੍ਰੇਨਿੰਗ ਲਈ ਇੱਥੇ ਆਉਂਦੇ ਹਨ। ਇਸ ਜਗਾਹ ਤੇ Louis Reil, a Métis Leader ਨੂੰ ਫਾਂਸੀ ਦਿੱਤੀ ਗਈ ਸੀ। ਜਿਸ ਰੱਸੇ ਨਾਲ ਫਾਂਸੀ ਦਿੱਤੀ ਗਈ ਸੀ, ਉਹ RCMP ਦੇ ਅਜਾਇਬ ਘਰ ਵਿੱਚ ਰੱਖਿਆ ਹੋਇਆ ਹੈ। ਰੀਜਾਈਨਾ ਇੱਕੋ ਇੱਕ ਸ਼ਹਿਰ ਹੈ, ਜਿੱਥੇ First Nations University of Canada ਜਿਸ ਦੀ ਬਿਲਡਿੰਗ Native Architecture ਦਾ ਅਦਭੁਤ ਨਮੂਨਾ ਹੈ।

ਇੱਥੇ ਹੀ ਬਸ ਨਹੀਂ ਰੀਜਾਈਨਾਂ ਸਾਰੇ ਕੈਨੇਡਾ ਵਿੱਚ ਇੱਕੋ ਇੱਕ ਸ਼ਹਿਰ ਹੈ ਜਿੱਥੇ Jesuit College ਹੈ ਜਿਸ ਵਿੱਚ Monks(ਪਾਦਰੀ) ਅਧਿਆਪਕ ਹਨ। ਸਾਰੀ ਦੁਨੀਆਂ ਵਿੱਚ ਰੀਜਾਈਨਾਂ ਇੱਕੋ ਇੱਕ ਸ਼ਹਿਰ ਹੈ ਜਿੱਥੇ ਸਭ ਤੋਂ ਵੱਧ ਦਰੱਖਤ ਲਗਾਏ ਗਏ ਹਨ, ਇਸੇ ਲਈ ਇਸ ਨੂੰ Tree City of the World ਕਿਹਾ ਜਾਂਦਾ ਹੈ। ਰੀਜਾਈਨਾ ਵਿੱਚ ਸਾਰੇ ਸੂਬਿਆਂ ਚੋਂ ਵੱਡੀ Legislatures Building ਹੈ, ਜਦੋਂ ਕਿ ਜਨ ਸੰਖਿਆ ਸਾਰੇ ਸੂਬਿਆਂ ਤੋਂ ਘੱਟ ਹੈ। ਕੀ ਕੀ ਸਿਫਤ ਕਰਾਂ ਮੇਰੇ ਸ਼ਹਿਰ ਦੀਆਂ।











